Narmaan Sidhu
Mortgage Expert
Alberta & Saskatchewan
403.818.0140
www.NarmaanSidhu.com
THE MORTGAGE FIRM

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB
Regulated Canadian Immigration Consultant
• Student Visa
• Work permit
• Visitor Visa
• LMIA
• PR Application
• Refugee Cases and Appeals
• PNP Family Sponsorship
• Citizenship
• Nanny Caregiver
• USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
3770 Westwinds Dr NE #102,
Calgary, AB T3J 5H3
ਮੈਕਨਾਈਟ ਟ੍ਰੇਨ ਸਟੇਸ਼ਨ ਦੇ ਸਾਹਮਣੇ

A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 282 Website : www.punjabiakhbaar.ca Email: editor@punjabiakhbaar.ca Friday, 19 December 2025

## ਮਾਨਸਾ ਇਲਾਕੇ ਦੇ ਦੋ ਨੌਜਵਾਨਾਂ ਦੀ ਐਡਮਿੰਟਨ ਵਿੱਚ ਹੋਈ ਗੋਲੀਬਾਰੀ ਦੌਰਾਨ ਮੌਤ ਹੋਈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਸ਼ਹਿਰ ਵਿੱਚ ਬੀਤੇ ਦਿਨੀ ਪੰਜਾਬੀ ਮੂਲ ਦੇ ਦੋ ਨੌਜਵਾਨਾਂ ਨੂੰ ਗੋਲੀਆਂ ਮਾਰਕੇ ਮਾਰ ਦਿੱਤਾ ਗਿਆ ਹੈ, ਭਾਵੇਂ ਕਿ ਪੁਲਿਸ ਵੱਲੋਂ ਮ੍ਰਿਤਕਾਂ ਦੇ ਨਾਮ ਨਸ਼ਰ ਨਹੀਂ ਕੀਤੇ ਗਏ ਹਨ, ਪਰ ਪੰਜਾਬ ਤੋਂ ਸੋਸਲ ਮੀਡੀਆ ਰਾਹੀ ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ ਦੀ ਪਛਾਣ ਮਾਨਸਾ ਜ਼ਿਲੇ ਨਾਲ ਸੰਬੰਧਿਤ ਗੁਰਦੀਪ ਸਿੰਘ ਅਤੇ ਰਣਵੀਰ ਸਿੰਘ ਵਜੋਂ ਹੋਈ ਹੈ। ਐਡਮਿੰਟਨ ਪੁਲਿਸ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਿਕ ਉਨ੍ਹਾਂ ਵੱਲੋਂ 12 ਦਸੰਬਰ ਦੀ ਰਾਤ ਨੂੰ ਸਾਊਥਈਸਟ ਐਡਮਿੰਟਨ ਵਿੱਚ 32 ਸਟਰੀਟ ਅਤੇ 26 ਐਵੇਨਿਊ ਇਲਾਕੇ ਵਿੱਚ ਸ਼ੂਟਿੰਗ ਦੀ ਇੱਕ ਵਾਰਦਾਤ ਨੂੰ ਰਿਸਪਾਂਡ ਕੀਤਾ ਗਿਆ ਸੀ। ਪੁਲਿਸ ਮੁਤਾਬਿਕ ਇਹਨਾਂ ਨੌਜਵਾਨਾਂ ਨੂੰ ਗੋਲੀਆਂ ਲੱਗੀਆਂ ਸਨ ਅਤੇ ਪੁਲਿਸ ਵੱਲੋਂ ਮੁੱਢਲੀ ਸਹਾਇਤਾ ਦਿੱਤੀ ਗਈ ਪਰ ਮੌਕੇ 'ਤੇ ਹੀ ਇਨ੍ਹਾਂ ਦੀ ਮੌਤ ਹੋ ਗਈ ਸੀ। ਪੁਲਿਸ ਦਾ ਕਹਿਣਾ ਹੈ ਕਿ ਇਹ ਵਾਰਦਾਤ ਮਿਥ ਕੇ ਕੀਤੀ ਗਈ ਸੀ ਪੁਲਿਸ ਵੱਲੋਂ ਇੱਕ ਗੂੜ੍ਹੇ ਰੰਗ ਦੀ ਐੱਸਯੂਵੀ ਦੀ ਭਾਲ ਕੀਤੀ ਜਾ ਰਹੀ ਹੈ , ਜਿਸਦਾ ਵਾਰਦਾਤ ਸਮੇਂ ਉਕਤ ਇਲਾਕੇ ਵਿੱਚ ਹੋਣ ਦਾ ਖਦਸ਼ਾ ਹੈ ਪੁਲਿਸ ਵੱਲੋਂ ਕੋਈ ਜਾਣਕਾਰੀ ਹੋਣ 'ਤੇ 780-423-4567 'ਤੇ ਸੰਪਰਕ ਕਰਕੇ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਮਰਨ ਵਾਲੇ ਦੋਵਾਂ ਨੌਜਵਾਨਾ ਵਿੱਚੋਂ ਗੁਰਦੀਪ ਸਿੰਘ ਮਾਨਸਾ ਜਿਲੇ ਦੇ ਬਰ੍ਹੇ ਪਿੰਡ ਦਾ ਰਹਿਣ ਵਾਲਾ ਸੀ।


ਗੁਰਦੀਪ ਸਿੰਘ ਬਰ੍ਹੇ, ਰਣਵੀਰ ਸਿੰਘ ਉਰਫ਼ ਸੈਦੇਵਾਲਾ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
• Closets
• Wet Bars
• Book Shelving
• Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਨਿਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE
Calgary(AB) T2E7A2
sales@carpetempire.ca www.carpetempire.ca

SHORY LAW LLP
• IMMIGRATION • BUSINESS
• CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਸਾਲਾਨਾ ਸਮਾਗਮ ਮਨੋਰੰਜਨ-ਭਰਪੂਰ ਅਤੇ ਯਾਦਗਾਰੀ ਹੋ ਨਿਬੜਿਆ

## "ਗੜਬਾ ਚਾਂਦੀ ਦਾ" ਦੀ ਕੋਰੀਓਗਰਾਫੀ ਦੀਆਂ ਸ਼ੋਸ਼ਲ ਮੀਡੀਆ ਉੱਪਰ ਧੁੰਮਾਂ ਪੈ ਗਈਆਂ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਸਾਲਾਨਾ ਪ੍ਰੀਤੀ-ਭੋਜ ਸਮਾਗਮ ਬੀਤੀ 12 ਦਸੰਬਰ 2025 ਨੂੰ ਐਂਜਮੌਂਟ ਕਮਿਊਨਿਟੀ ਐਸੋਸੀਏਸ਼ਨ ਦੇ ਹਾਲ ਵਿੱਚ ਆਯੋਜਿਤ ਕੀਤਾ ਗਿਆ। ਪਰੋਗਰਾਮ ਦੇ ਸੁਰੂ ਵਿੱਚ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਮੂਹ ਮੈਂਬਰਾਂ ਨੂੰ ਜੀਅ-ਆਇਆਂ ਕਿਹਾ। ਉਨ੍ਹਾਂ ਨੇ ਕਿਹਾ ਕਿ ਅਸੀਂ ਖ਼ੁਸ਼ਕੀਸਮਤ ਹਾਂ ਕਿ ਕੈਨੇਡੀਅਨ ਹਾਂ, ਜੋ ਪੂਰਨ ਆਜ਼ਾਦੀ ਮਾਣ ਰਹੇ ਹਾਂ, ਦੂਜਿਆਂ ਦੀ ਮੱਦਦ ਕਰਦੇ ਹਾਂ ਅਤੇ ਬਿਨਾ ਕਿਸੇ ਭੇਦ-ਭਾਵ ਦੇ ਮਾਨਵਤਾ ਦੀ ਸੇਵਾ ਲਈ ਸਮਰਪਿਤ ਹਾਂ। ਉਨ੍ਹਾਂ ਨੇ ਇਸ ਸਾਲ ਦੌਰਾਨ ਪ੍ਰਲੋਕ ਸਿਧਾਰ ਗਏ ਐਸੋਸੀਏਸ਼ਨ ਦੇ ਬਾਨੀ ਮੈਂਬਰ ਪ੍ਰਸ਼ੋਤਮ ਦਾਸ ਭਾਰਦਵਾਜ ਦੀ ਘਾਟ ਨੂੰ ਮਹਿਸੂਸ ਕਰਦਿਆਂ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕੀਤਾ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਾਰਵਾਈ ਚਲਾਉਂਦਿਆਂ ਸ਼ੁਰੂ ਵਿਚ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੇ ਜੀਵਨ ਅਤੇ ਗਾਇਕੀ ਉੱਤੇ ਝਾਤੀ ਪੁਆਈ, ਪ੍ਰੋਗਰਾਮ ਦੇ ਏਜੰਡੇ ਬਾਰੇ ਦੱਸਿਆ ਕਿ ਬਹੁ-ਭਾਂਤੇ ਸੱਭਿਆਚਾਰ ਦੀਆਂ ਪੇਸ਼ਕਾਰੀਆਂ ਤੋਂ ਇਲਾਵਾ ਬਾਕੀ ਪ੍ਰੋਗਰਾਮ ਸੁਰਿੰਦਰ ਕੌਰ ਦੇ ਗਾਏ ਗੀਤਾਂ 'ਤੇ ਅਧਾਰਿਤ ਹੋਵੇਗਾ। ਦਸੰਬਰ ਮਹੀਨੇ ਪੈਂਦੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਸੁਗਾਤਾਂ ਦੇ ਕੇ ਤਾੜੀਆਂ ਦੀ ਗੂੰਜਾਰ ਵਿੱਚ ਮੁਬਾਰਕਾਂ ਪਰੋਸੀਆਂ ਗਈਆਂ। ਸੁੱਖੀ ਕੁੰਡੂ ਅਤੇ ਮਨਦੀਪ ਕੌਰ ਹੁੰਦਲ ਨੇ ਬੀਨ ਵਜਾ ਕੇ ਕੋਰੀਓਗ੍ਰਾਫ਼ੀ ਕੀਤੀ। ਫ਼ਸਟ ਅਸੈਂਬਲੀ ਚਰਚ ਦੇ ਬੱਚਿਆਂ ਨੇ ਸੇਵਾਸ਼ਨ ਮੈਕਨੇਜ਼ ਅਤੇ ਬਰੈਟਾ ਜੌਹਨਸਨ ਦੀ ਅਗਵਾਈ ਵਿੱਚ ਮਸੀਹੀ ਗੀਤ (ਕ੍ਰਿਸਮਿਸ ਕੈਰੋਲ) ਗਾ ਕੇ ਕ੍ਰਿਸਮਿਸ ਮਨਾਉਣ ਦੀ ਰਸਮ ਪੂਰੀ ਕੀਤੀ। ਯਿੰਗ ਯਾਂਗ ਅਤੇ ਸ਼ੈਰੀ ਵੂਈ ਦੀ ਚੀਨੀ ਟੀਮ ਨੇ ਦੋ ਚੀਨੀ ਗੀਤਾਂ 'ਤੇ ਕੋਰੀਓਗ੍ਰਾਫ਼ੀ ਰਾਹੀਂ ਲਾਈਨ ਡਾਂਸ ਅਤੇ ਰਲਵੇਂ ਸੱਭਿਆਚਾਰ ਦਾ ਨਾਚ ਪੇਸ਼ ਕੀਤਾ। ਚੀਨੀ ਸੁੰਦਰੀਆਂ ਨੇ ਗੁਲਾਬ ਦੇ ਪੀਲ਼ੇ ਫੁੱਲਾਂ ਸਮੇਤ ਵਿਲੱਖਣ ਅਦਾਵਾਂ ਨਾਲ਼ ਦਰਸ਼ਕਾਂ ਨੂੰ ਮੋਹ ਲਿਆ। ਮੰਜੂ ਅਗਰਵਾਲ਼ ਨੇ ਮੋਨੋ ਐਕਟਿੰਗ ਕੀਤੀ। ਭਜਨ ਸਿੰਘ ਸਾਗੂ ਨੇ ਹਸਾਉਣ ਦਾ ਕੰਮ ਕੀਤਾ। ਰਿਸ਼ੀ ਨਾਗਰ ਨੇ ਮਾਂ-ਬਾਪ ਦੇ ਵਿਛੋੜੇ ਕਾਰਨ ਪੈਦਾ ਹੋਏ ਖਿਲਾਅ ਸਦਕਾ ਮਨੋ-ਭਾਵਨਾਵਾਂ ਤੇ ਅਹਿਸਾਸ ਸਾਂਝੇ ਕਰਨ ਤੋਂ ਵਾਂਝੇ ਹੋਣ ਦੇ ਸੰਤਾਪ ਬਾਰੇ ਜਜ਼ਬਾਤ ਸਾਂਝੇ ਕੀਤੇ, ਆ ਰਹੇ ਨਵੇਂ ਸਾਲ ਲਈ ਖ਼ੁਸ਼ੀਆਂ, ਹਾਸੇ-ਖੇੜੇ ਅਤੇ ਸਦਭਾਵਨਾ ਭਰੇ ਮਾਹੌਲ ਦੀ ਕਾਮਨਾ ਕੀਤੀ। ਸੁਖਮੰਦਰ ਗਿੱਲ ਨੇ "ਇੱਕ ਦਿਨ ਆਪਾਂ ਫੇਰ ਮਿਲਾਂਗੇ" ਆਪਣਾ ਨਵਾਂ ਗੀਤ ਗਾ ਕੇ ਸੰਗੀਤਕ ਮਾਹੌਲ ਸਿਰਜਿਆ। ਸੁਰਿੰਦਰਕੌਰ ਦੀ ਯਾਦ ਨੂੰ ਸਮਰਪਿਤ ਸਟੇਜ ਸਕੱਤਰ ਗੁਰਦਿਆਲ ਸਿੰਘ ਖੈਰਾ ਦੀ ਫਰੇਰਣਾ ਸਦਕਾ ਸੁਰਿੰਦਰ ਕੌਰ ਕੰਮੋਹ ਅਤੇ ਹਰਕੰਵਲਜੀਤ ਕੌਰ ਧਾਲ਼ੀਵਾਲ਼ ਨੇ "ਕੱਤਾਂ ਪ੍ਰੀਤਾਂ ਨਾਲ਼ ਚਰਖਾ ਚੰਦਨ ਦਾ" ਗੀਤ ਗਾ ਕੇ ਸੁਰਿੰਦਰ ਕੌਰ ਦੇ ਗਾਏ ਗੀਤਾਂ ਦੀ ਲੜੀ ਤੋਰ ਦਿੱਤੀ । ਸੁਰਿੰਦਰ ਕਾਲੀਆ ਨੇ "ਚੰਨ ਕਿੱਥਾਂ ਗ਼ੁਜ਼ਾਰੀ ਆ ਈ ਰਾਤ ਵੇ" ਗਾ ਕੇ ਹੋਰ ਵਾਧਾ ਕੀਤਾ। "ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀਂ" ਇਸ ਗੀਤ ਉਪਰ ਸੁੱਖੀ ਕੁੰਡੂ, ਮਨਦੀਪ ਹੁੰਦਲ ਅਤੇ ਹਰਿੰਦਰ ਕੌਰ ਮੁੰਡੀ ਨੇ ਅਦਾਵਾਂ ਦੁਆਰਾ ਕੀਤੀ ਅਦਾਕਾਰੀ ਨੇ ਇਸ ਲੜੀ ਵਿੱਚ ਵੰਨ-ਸੁਵੰਨਤਾ ਲਿਆਂਦੀ। ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਕੰਮੋਹ ਦੀ ਦੰਪਤੀ ਜੋੜੀ ਨੇ "ਜੇ ਮੁੰਡਿਆ ਮੇਰੀ ਤੋਰ ਤੂੰ ਵੇਖਣੀ, ਗੜਵਾ ਲੈ ਦੇ ਚਾਂਦੀ ਦਾ, ਲੱਕ ਹਿੱਲੇ ਮਜਾਜਣ ਜਾਂਦੀ ਦਾ" ਗੀਤ ਉਪਰ ਮੁਹਾਰਤ ਨਾਲ਼ ਕੋਰੀਓਗ੍ਰਾਫ਼ੀ ਕਰ ਕੇ ਮਨਮੋਹਣੇ ਅੰਦਾਜ਼ ਨਾਲ਼ ਦਰਸ਼ਕਾਂ ਦਾ ਦਿਲ ਜਿੱਤ ਲਿਆ।ਵਰਨਣਯੋਗ ਹੈ ਕਿ ਇਹ ਗੀਤ ਪੰਜਾਬੀ ਅਖ਼ਬਾਰ ਦੇ ਫੇਸ ਬੁੱਕ ਪੇਜ ਉੱਪਰ ਬਹੁਤ ਵੱਡੀ ਗਿਣਤੀ ਵਿੱਚ ਵਾਇਰਲ ਹੋ ਰਿਹਾ ਹੈ। ਸੁੱਖੀ ਕੁੰਡੂ ਨੇ ਘੁੰਡ ਕੱਢ ਕੇ "ਖ਼ਤ ਆਇਆ ਸੁਹਣੇ ਸੱਜਣਾਂ ਦਾ" ਸੋਲੋ ਅਦਾਕਾਰੀ ਰਾਹੀਂ ਪੁਰਾਣੇ ਸਮੇਂ ਦੀ ਯਾਦ ਤਾਜ਼ਾ ਕਰਾਈ। ਜਸਪ੍ਰੀਯਾ ਜੌਹਲ ਦੁਆਰਾ ਸਿਖਲਾਈ ਪ੍ਰਾਪਤ ਗਿੱਧੇ ਦੀ ਟੀਮ ਨੇ ਹਰਗੁਨ ਜੌਹਲ ਦੀ ਅਗਵਾਈ ਹੇਠ ਸੁਰਿੰਦਰ ਕੌਰ ਦੇ ਗਾਏ ਗੀਤਾਂ ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕਜ਼ਲਾ ਵੇ ਅੱਖੀਆਂ 'ਚ ਤੂੰ ਵਸਦਾ, ਅੱਗ ਪਾਣੀਆਂ 'ਚ ਹਾਣੀਆਂ ਮੈਂ ਲਾਈ ਰਾਤ ਨੂੰ, ਝਾਂਜਰਾਂ ਦੇ ਬੋਲ ਸੁਣ ਕੇ, ਬਣ ਮੋਰਨੀ ਬਾਗਾਂ ਦੇ ਵਿੱਚ ਨੱਚਾਂ ਪੈਲਾਂ ਪਾਉਂਦਾ ਆ ਜਾ ਮਿੱਤਰਾ ਆਦਿ ਉਪਰ ਨਾਚ ਅਤੇ ਕੋਰੀਉਗਰਾਫ਼ੀ ਕਰ ਕੇ ਕਲਾ ਦੇ ਜ਼ੌਹਰ ਵਿਖਾਏ। ਮਾਣ-ਮੱਤੀਆਂ ਪੰਜਾਬਣ ਮੁਟਿਆਰਾਂ ਦੀਆਂ ਅਦਾਵਾਂ, ਅੰਦਾਜ਼, ਮੁਦਰਾਵਾਂ ਅਤੇ ਪੈਰਾਂ ਦੀ ਇਕਸਾਰ ਤਾਲ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਲਿਆ। ਜੰਗਪਾਲ ਖੋਸਾ ਨੇ ਐਸੋਸੀਏਸ਼ਨ ਨੂੰ ਉਚਾਈਆਂ 'ਤੇ ਲਿਜਾਣ ਲਈ ਸੁਰਿੰਦਰਜੀਤ ਪਲਾਹਾ ਦੁਆਰਾ ਨਿਭਾਈ ਜਾਂਦੀ ਨਿਸ਼ਕਾਮ ਸੇਵਾ, ਸੁਚੱਜੀ ਅਗਵਾਈ, ਅਣ-ਥੱਕ ਮਿਹਨਤ, ਲਗਨ, ਦਿਆਨਤਦਾਰੀ ਅਤੇ ਇਮਾਨਦਾਰੀ ਦੇ ਹਵਾਲੇ ਨਾਲ਼ ਉਨ੍ਹਾਂ ਦੀ ਅਦੁਤੀ ਸ਼ਖ਼ਸੀਅਤ ਦੀ ਪ੍ਰਸ਼ੰਸਾ ਕੀਤੀ ਜਿਸ ਨੂੰ ਦਰਸ਼ਕਾਂ ਨੇ ਤਾੜੀਆਂ ਵਜਾ ਕੇ ਭਰਪੂਰ ਸਮਰਥਨ ਦਿੱਤਾ। ਸੁਰਿੰਦਰ ਪਲਾਹਾ ਨੇ ਗੁਰੂ ਨਾਨਕ ਦੇਵ ਜੀ ਦੀ ਸਤਾਰ੍ਹਵੀਂ ਪੀੜ੍ਹੀ ਦੀ ਸੰਤਾਨ ਬੀਬੀ ਪਰਦੀਪ ਕੌਰ ਬੇਦੀ ਜੀ ਨੂੰ ਦਰਸ਼ਕਾਂ ਦੇ ਰੂ-ਬ-ਰੂ ਕੀਤਾ, ਦਰਸ਼ਕਾਂ ਨੇ ਖੜ੍ਹੇ ਹੋ ਕੇ ਸੁਆਗਤ ਕੀਤਾ। ਯਾਸੀਨ ਮੁਹੰਮਦ ਅਤੇ ਪਰਮਵੀਰ ਬਾਠ ਨੇ ਐਸੋਸੀਏਸ਼ਨ ਦੀਆਂ ਕਾਰਵਾਈਆਂ ਦੀ ਰੱਜ ਕੇ ਸ਼ਲਾਘਾ ਕੀਤੀ। ਨਰਿੰਦਰ ਸਿੰਘ ਦਿਆਲ ਅਤੇ ਕਰਮਜੀਤ ਕੌਰ ਦਿਆਲ ਨੂੰ ਉਨ੍ਹਾਂ ਦੁਆਰਾ ਐਸੋਸੀਏਸ਼ਨ ਲਈ ਨਿਭਾਈਆਂ ਜਾ ਰਹੀਆਂ ਜ਼ਿਕਰਯੋਗ ਸੇਵਾਵਾਂ ਲਈ ਐਵਾਰਡ ਵੱਜੋਂ ਸਨਮਾਨ-ਪੱਤਰ ਦੇ ਕੇ ਨਿਵਾਜਿਆ ਗਿਆ। ਸਾਰੇ ਕਲਾਕਾਰਾਂ ਅਤੇ ਪੇਸ਼ਕਾਰੀਆਂ ਰਾਹੀਂ ਯੋਗਦਾਨ ਪਾਉਣ ਵਾਲ਼ਿਆਂ ਨੂੰ ਤੋਹਫ਼ੇ ਦੇ ਕੇ ਸਨਮਾਨ ਕਰਨ ਤੋਂ ਇਲਾਵਾ ਸੁਰਿੰਦਰਜੀਤ ਪਲਾਹਾ ਮੌਕੇ-ਮੌਕੇ 'ਤੇ ਉਨ੍ਹਾਂ ਦੀ ਵਡਿਆਈ ਕਰ ਕੇ ਹੌਸਲਾ ਅਫ਼ਜ਼ਾਈ ਕਰਦੇ ਰਹੇ। ਉਨ੍ਹਾਂ ਨੇ ਦੱਸਿਆ ਕਿ ਪ੍ਰੋਗਰਾਮ ਦੌਰਾਨ ਮੈਂਬਰਾਂ ਵੱਲੋਂ ਫੂਡ ਬੈਂਕ ਨੂੰ ਦਾਨ ਵੱਜੋਂ ਦਿੱਤੀ ਰਾਸ਼ੀ 6600 ਡਾਲਰ ਹੋ ਗਈ। ਆਖ਼ਰੀ ਪੇਸ਼ਕਾਰੀ ਔਰਤਾਂ ਦਾ ਲੋਕ-ਬੋਲੀਆਂ 'ਤੇ ਪਾਇਆ ਗਿੱਧਾ ਸੀ ਜਿਸ ਦੀ ਧਮਾਲ ਨਾਲ਼ ਹਾਲ ਗੂੰਜ ਉੱਠਿਆ ਅਤੇ ਧਮਕ ਦੂਰ ਤੱਕ ਪੈਂਦੀ ਰਹੀ। ਮੈਂਬਰਾਂ ਦੀ ਭਰਵੀਂ ਹਾਜ਼ਰੀ ਤੋਂ ਇਲਾਵਾ ਮਹਿਮਾਨ ਵੱਜੋਂ ਸੂਬਾਈ ਵਜ਼ੀਰ ਜਨਾਬ ਯਾਸੀਨ ਮੁਹੰਮਦ, ਫ਼ਸਟ ਅਸੈਂਬਲੀ ਚਰਚ ਤੋਂ ਸੈਲ ਤੇ ਲੂਸੀ ਕੈਕਰਸ, ਕੈਲਗਰੀ ਔਰੀਐਂਟਲ ਟ੍ਰੈਡੀਸ਼ਨਲ ਡ੍ਰੈਸ ਕੀਪਾਉ ਐਸੋਸੀਏਸ਼ਨ ਦੇ ਪ੍ਰਧਾਨ ਯਿੰਗਸੀ ਯਾਂਗ, ਫੂਡ ਬੈਂਕ ਤੋਂ ਵਿੱਨੀ ਐਵਰਟਸ, ਵੀਵੋ ਦਾ ਚੇਅਰਪਰਸਨ ਕੋਰਟਨੀ ਕੈਥਕਾਰਟ, ਐਲਿਕ ਸਿਲੈਂਜ਼ੀ ਤੇ ਆਈਲੀਨ ਔਂਗ, ਮੀਡੀਆ ਤੋਂ ਰੈੱਡ ਐਫ ਐਮ ਦੇ ਚੀਫ਼ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ, ਪੰਜਾਬੀ ਅਖ਼ਬਾਰ ਦੇ ਐਡੀਟਰ-ਇਨ-ਚੀਫ਼ ਹਰਬੰਸ ਬੁੱਟਰ ਤੇ ਪ੍ਰਾਈਮ ਏਸ਼ੀਆ ਟੀ ਵੀ ਤੋਂ ਪਰਮਵੀਰ ਬਾਠ ਅਤੇ ਰੌਕੀ ਵਿਊ ਦੇ ਰੀਵ (ਮੇਅਰ) ਸੰਨੀ ਸਮਰਾ ਸ਼ਾਮਿਲ ਹੋਏ। ਸੁਰਿੰਦਰਜੀਤ ਪਲਾਹਾ ਦੁਆਰਾ ਪ੍ਰਬੰਧਕਾਂ, ਮਹਿਮਾਨਾਂ, ਪੇਸ਼ਕਾਰਾਂ ਅਤੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਨ ਉਪ੍ਰੰਤ ਖਾਣ-ਪੀਣ ਦਾ ਦੌਰ ਚੱਲਿਆ। ਪੰਜ ਘੰਟੇ ਦਾ ਲਗਾਤਾਰ ਚੱਲਿਆ ਇਹ ਪ੍ਰੋਗਰਾਮ ਪੰਜਾਬੀ ਅਖ਼ਬਾਰ ਦੇ ਵਿਸ਼ੇਸ਼ ਰਿਪੋਰਟਰ ਸ: ਜਗਦੇਵ ਸਿੱਧੂ ਵੱਲੋਂ ਹਰ ਪਲ ਪਲ ਦੀਆਂ ਪੇਸ਼ਕਾਰੀਆਂ ਨੂੰ ਇਕਾਗਰਤਾ ਨਾਲ ਕਾਗਜੀ ਰੂਪ ਵਿੱਚ ਸੰਭਾਲ ਲੈਣ ਕਾਰਣ ਹੋਰ ਵੀ ਯਾਦਗਾਰੀ ਬਣ ਗਿਆ।




The Punjabi Newspaper

ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 12 No: 282 Website : www.punjabiakhbaar.ca Email: editor@punjabiakhbaar.ca Friday, 19 December 2025

## ਭਾਰਤ ਵਿੱਚ ਹਰ ਕਿਸੇ ਲਈ ਰੁਜਗਾਰ ਗਾਰੰਟੀ "ਮਗਨਰੇਗਾ" ਦੀ ਥਾਂ 'ਤੇ ਹੁਣ "ਜੀ ਰਾਮ ਜੀ" ਬੋਲੇਗਾ

ਨਵੀਂ ਦਿੱਲੀ(ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੀ ਕੇਂਦਰ ਸਰਕਾਰ ਮਗਨਰੇਗਾ ਦੀ ਥਾਂ 'ਤੇ ਵਿਕਸਿਤ ਭਾਰਤ ਗਾਰੰਟੀ ਰੁਜ਼ਗਾਰ ਔਰ ਆਜੀਵਿਕਾ ਮਿਸ਼ਨ (ਗ੍ਰਾਮੀਣ) (ਵਿਕਸਤ ਭਾਰਤ-ਜੀ ਰਾਮ ਜੀ) ਬਿੱਲ 2025 ਸੰਸਦ ਦੇ ਮੌਜੂਦਾ ਸਰਦ ਰੁੱਤ ਇਜਲਾਸ ਦੌਰਾਨ ਲੋਕ ਸਭਾ 'ਚ ਪੇਸ਼ ਕਰਨ ਲਈ ਤਿਆਰ ਹੈ। ਬਿੱਲ ਦੀ ਕਾਪੀ ਮੁਤਾਬਕ ਹਰੇਕ ਪਿੰਡ ਦੇ ਬਾਲਗ ਪਰਿਵਾਰਕ ਮੈਂਬਰਾਂ ਨੂੰ ਇੱਕ ਵਿੱਤੀ ਵਰ੍ਹੇ 'ਚ 125 ਦਿਨ ਦੇ ਰੁਜ਼ਗਾਰ ਦੀ ਵਿਧਾਨਕ ਗਾਰੰਟੀ ਪ੍ਰਦਾਨ ਕੀਤੀ ਜਾਵੇਗੀ। 'ਵੀ ਬੀ-ਜੀ ਰਾਮ ਜੀ ਐਕਟ' ਲਾਗੂ ਹੋਣ ਦੀ ਤਰੀਕ ਦੇ ਛੇ ਮਹੀਨਿਆਂ ਦੇ ਅੰਦਰ ਸੂਬਿਆਂ ਨੂੰ ਨਵੇਂ ਕਾਨੂੰਨ ਦੇ ਪ੍ਰਬੰਧਾਂ ਮੁਤਾਬਕ ਯੋਜਨਾ ਚਲਾਉਣੀ ਪਵੇਗੀ। ਇਸ ਯੋਜਨਾ ਦਾ ਵਿੱਤੀ ਬੋਝ ਕੇਂਦਰ ਅਤੇ ਸੂਬਾ ਸਰਕਾਰਾਂ 'ਤੇ ਪਵੇਗਾ। ਉੱਤਰ-ਪੂਰਬੀ ਅਤੇ ਹਿਮਾਲਿਅਨ ਸੂਬਿਆਂ ਲਈ ਕੇਂਦਰ 90 ਫ਼ੀਸਦ ਜਦਕਿ ਹੋਰ ਸੂਬਿਆਂ ਲਈ ਉਹ 60 ਫ਼ੀਸਦੀ ਖ਼ਰਚਾ ਦੇਵੇਗਾ। ਬਿਨਾਂ ਵਿਧਾਨ ਸਭਾਵਾਂ ਵਾਲੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਕੇਂਦਰ ਵੱਲੋਂ ਮਜ਼ਦੂਰੀ ਦਿੱਤੀ ਜਾਵੇਗੀ। ਜੇ ਕੋਈ ਸੂਬਾ ਵਧੇਰੇ ਖ਼ਰਚ ਕਰਦਾ ਹੈ ਤਾਂ ਉਸ ਦਾ ਬੋਝ ਖ਼ੁਦ 'ਤੇ ਹੀ ਪਵੇਗਾ। ਉਜਰਤ ਕੇਂਦਰ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਕੇ ਤੈਅ ਕੀਤੀ ਜਾਵੇਗੀ। ਬਿੱਲ 'ਚ ਕਿਹਾ ਗਿਆ ਹੈ ਕਿ ਇਹ ਮੌਜੂਦਾ ਮਗਨਰੇਗਾ ਯੋਜਨਾ ਦੀਆਂ ਦਰਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ ਹੈ। ਜੇ 15 ਦਨਾਂ 'ਚ ਕਿਸੇ ਨੂੰ ਕੰਮ ਨਾ ਦਿੱਤਾ ਗਿਆ ਤਾਂ ਉਸ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ ਜੋ ਸੂਬਿਆਂ ਨੂੰ ਦੇਣਾ ਪਵੇਗਾ। ਬਿੱਲ ਦੀਆਂ ਕਾਪੀਆਂ ਲੋਕ ਸਭਾ ਮੈਂਬਰਾਂ ਨੂੰ ਵੰਡੀਆਂ ਗਈਆਂ ਹਨ। ਬਿੱਲ ਦਾ ਉਦੇਸ਼ 'ਵਿਕਸਿਤ ਭਾਰਤ 2047' ਦੇ ਕੌਮੀ ਨਜ਼ਰੀਏ ਮੁਤਾਬਕ ਗ੍ਰਾਮੀਣ ਵਿਕਾਸ ਢਾਂਚਾ ਸਥਾਪਿਤ ਕਰਨਾ ਹੈ। ਬਿੱਲ ਲੋਕ ਸਭਾ 'ਚ ਸੂਚੀਬੱਧ ਕੀਤਾ ਗਿਆ ਹੈ। ਬਿੱਲ ਦੇ ਉਦੇਸ਼ਾਂ ਬਾਰੇ ਗ੍ਰਾਮੀਣ ਵਿਕਾਸ ਬਾਰੇ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਮਨਰੇਗਾ ਨੇ ਬੀਤੇ 20 ਸਾਲਾਂ ਤੋਂ ਵੱਧ ਸਮੇਂ ਤੱਕ ਪੇਂਡੂ ਪਰਿਵਾਰਾਂ ਨੂੰ ਰੁਜ਼ਗਾਰ ਦੀ ਗਾਰੰਟੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਿੰਡਾਂ 'ਚ ਆਏ ਬਦਲਾਅ ਦੇ ਮੱਦੇਨਜ਼ਰ ਇਸ ਨੂੰ ਹੋਰ ਮਜ਼ਬੂਤ ਬਣਾਏ ਜਾਣ ਦੀ ਲੋੜ ਹੈ।












### ਨਵੇਂ ਦਿਹਾਤੀ ਰੁਜ਼ਗਾਰ ਬਿੱਲ 'ਤੇ ਵਿਰੋਧੀ ਧਿਰ ਨੇ ਸਰਕਾਰ ਘੇਰ ਲਈ

ਨਵੀਂ ਦਿੱਲੀ(ਪੰਜਾਬੀ ਅਖ਼ਬਾਰ ਬਿਊਰੋ) ਮਹਾਤਮਾ ਗਾਂਧੀ ਕੌਮੀ ਦਿਹਾਤੀ ਰੁਜ਼ਗਾਰ ਗਾਰੰਟੀ ਐਕਟ ਰੱਦ ਕਰਨ ਤੇ ਉਸ ਦੀ ਥਾਂ ਨਵਾਂ ਦਿਹਾਤੀ ਰੁਜ਼ਗਾਰ ਕਾਨੂੰਨ ਲਿਆਉਣ ਦੇ ਮਕਸਦ ਨਾਲ ਲਿਆਂਦੇ ਗਏ ਬਿੱਲ ਦੇ ਮੁੱਦੇ 'ਤੇ ਵਿਰੋਧੀ ਧਿਰ ਨੇ ਸਰਕਾਰ ਦੀ ਆਲੋਚਨਾ ਕੀਤੀ ਤੇ ਸਵਾਲ ਕੀਤਾ ਕਿ ਰਾਸ਼ਟਰਪਿਤਾ ਦਾ ਨਾਂ ਇਸ 'ਚੋਂ ਕਿਉਂ ਹਟਾਇਆ ਜਾ ਰਿਹਾ ਹੈ। 'ਵਿਕਸਿਤ ਭਾਰਤ ਗਾਰੰਟੀ ਰੁਜ਼ਗਾਰ ਔਰ ਆਜੀਵਿਕਾ ਮਿਸ਼ਨ (ਗ੍ਰਾਮੀਣ) ਬਿੱਲ, 2025' ਜਾਰੀ ਪੂਰਕ ਕਾਰਜ ਸੂਚੀ 'ਚ ਲੋਕ ਸਭਾ ਵਿੱਚ ਸੂਚੀਬੱਧ ਕੀਤਾ ਗਿਆ ਹੈ। ਗ੍ਰਾਮੀਣ ਵਿਕਾਸ ਤੇ ਪੰਚਾਇਤੀ ਰਾਜ ਸਬੰਧੀ ਸਥਾਈ ਸੰਸਦੀ ਕਮੇਟੀ ਦੇ ਪ੍ਰਧਾਨ ਤੇ ਕਾਂਗਰਸ ਦੇ ਸੰਸਦ ਮੈਂਬਰ ਸਪਤਗਿਰੀ ਉਲਕਾ ਨੇ ਕਿਹਾ ਕਿ ਕਮੇਟੀ ਨੇ ਮਗਨਰੇਗਾ ਤਹਿਤ ਕੰਮ ਦੇ ਦਿਨਾਂ ਦੀ ਗਿਣਤੀ ਤੇ ਮਜ਼ਦੂਰੀ ਵਧਾਉਣ ਸਮੇਤ ਕਈ ਸਿਫਾਰਸ਼ਾਂ ਕੀਤੀਆਂ ਸਨ। ਉਨ੍ਹਾਂ ਕਿਹਾ, ''ਮੈਨੂੰ ਨਹੀਂ ਪਤਾ ਕਿ ਉਨ੍ਹਾਂ ਨੂੰ ਬਾਪੂ ਗਾਂਧੀ ਦੇ ਨਾਂ ਨਾਲ ਕੀ ਸਮੱਸਿਆ ਹੈ ਪਰ ਉਹ ਇਸ ਨੂੰ ਖਤਮ ਕਰਨਾ ਚਾਹੁੰਦੇ ਸਨ ਕਿਉਂਕਿ ਇਹ ਕਾਂਗਰਸ ਦੀ ਯੋਜਨਾ ਸੀ।''












# ਕੈਲਗਰੀ ਦੇ ਟਰੱਕਾਂ ਵਾਲੇ ਵੀਰਾਂ ਵੱਲੋਂ ਸੁਕਰਾਨਾ ਸਮਾਗਮ 30,31 ਦਸੰਬਰ ਅਤੇ 1 ਜਨਵਰੀ ਨੂੰ ਕਰਵਾਏ ਜਾਣਗੇ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 24 ਵਾਂ ਸਲਾਨਾ ਧਾਰਮਿਕ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕੈਲਗਰੀ ਦੇ ਸਮੂਹ ਟਰੱਕਾਂ ਵਾਲੇ ਵੀਰਾਂ ਵੱਲੋਂ, ਆਪਣੀ ਨੇਕ ਕਿਰਤ ਕਮਾਈ ਵਿੱਚੋਂ ਨਵੇਂ ਸਾਲ ਦੇ ਸੰਬੰਧ ਚ, ਅਕਾਲ ਪੁਰਖ ਦੇ ਸ਼ੁਕਰਾਨੇ ਵਿੱਚ ਕਰਵਾਇਆ ਜਾ ਰਿਹਾ ਹੈ। ਸ੍ਰੀ ਸਹਿਜ਼ ਪਾਠ ਸਾਹਿਬ 24 ਦਸੰਬਰ ਦਿਨ ਬੁੱਧਵਾਰ ਸ਼ਾਮ ਨੂੰ 6 ਵਜੇ ਅਰੰਭ ਹੋਣਗੇ, ਅਤੇ 31 ਦਸੰਬਰ ਦੀ ਰਾਤ ਨੂੰ 12 ਵਜੇ 2026 ਦੇ ਨਵੇਂ ਵਰ੍ਹੇ ਦੀ ਸ਼ੁਰੂਆਤ ਤੇ ਸ੍ਰੀ ਸਹਿਜ ਪਾਠ ਦੇ ਭੋਗ ਗੁਰਦੁਆਰਾ ਸਾਹਿਬ ਦਸਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਮੇਨ ਦਰਬਾਰ ਸਾਹਿਬ ਵਿੱਚ ਪੈਣਗੇ। 30, 31 ਦਸੰਬਰ ਅਤੇ 1 ਜਨਵਰੀ 2026 ਨੂੰ ਲੰਗਰਾਂ ਦੀ ਸੇਵਾ ਵੀ ਟਰੱਕਾਂ ਵਾਲੇ ਵੀਰਾਂ ਵੱਲੋਂ ਹੈ। ਸਮੁੱਚੀਆਂ ਸੰਗਤਾਂ ਨੂੰ ਬੇਨਤੀ ਹੈ, ਕਿ ਸਮਾ ਕੱਢ ਕੇ ਇਹਨਾਂ ਦਿਨਾਂ ਵਿੱਚ ਗੁਰੂ ਘਰ ਆਪਣੇ ਪਰਿਵਾਰਾਂ ਸਮੇਤ ਹਾਜਰੀ ਲਵਾਉਣੀ ਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ।ਹੋਰ ਜਾਣਕਾਰੀ ਜਾਂ ਸੇਵਾ ਲਈ ਲਈ ਇਹਨਾਂ ਫੋਨ ਨੰਬਰਾਂ 403 401 4913,403 434 0036,403 466 6642,403 477 7060,403 831 8600 ਉੱਪਰ ਕਾਲ ਕਰਕੇ ਲੈ ਸਕਦੇ ਹੋ।

# ਸਿਡਨੀ ਬੋਂਡਾਈ ਬੀਚ ਕਤਲੇਆਮ ਦੇ ਸ਼ੂਟਰਾਂ ਬਾਰੇ ਨਵੀਂ ਜਾਣਕਾਰੀ

## 50 ਸਾਲਾ ਹਮਲਾਵਰ 1998 ਵਿਚ ਸਟੂਡੈਂਟ ਵੀਜੇ ਉੱਪਰ ਆਇਆ ਸੀ ਪਰ ਦੂਜਾ ਹਮਲਾਵਰ ਉਸੇ ਦਾ ਹੀ ਪੁੱਤਰ ਆਸਟਰੇਲੀਆ ਦਾ ਹੀ ਜੰਮਪਲ ਹੈ

ਸਿਡਨੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਐਂਤਵਾਰ ਨੂੰ ਦੋ ਸ਼ੂਟਰਾਂ ਵੱਲੋਂ ਅੰਨ੍ਹੇਵਾਹ ਕੀਤੀ ਗੋਲੀਬਾਰੀ ਵਿੱਚ ਘੱਟੋ ਘੱਟ 15 ਲੋਕ ਹਲਾਕ ਹੋ ਗਏ ਸਨ ਅਤੇ 38 ਲੋਕ ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿਚ ਇੱਕ 10 ਸਾਲ ਦੀ ਬੱਚੀ ਵੀ ਸ਼ਾਮਿਲ ਹੈ। ਪਤਾ ਲੱਗਾ ਹੈ ਕਿ ਸਿਡਨੀ ਦੇ ਬੋਂਡਾਈ ਬੀਚ 'ਤੇ ਯਹੂਦੀ ਭਾਈਚਾਰੇ ਦੇ ਤਿਉਹਾਰ ਹਨੂਕਾਹ ਨੂੰ ਮਨਾਉਣ ਲਈ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।ਇਸੇ ਦੌਰਾਨ ਦੋ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਪੁਲਿਸ ਅਨੁਸਾਰ ਹਮਲਾਵਰ ਆਪਸ ਵਿਚ ਪਿਓ-ਪੁੱਤ ਸਨ। ਇੱਕ ਸ਼ੂਟਰ ਪਹਿਲਾਂ ਵੀ ਸ਼ੱਕ ਦੇ ਘੇਰੇ ਵਿਚ ਸੀ। ਹਮਲਾਵਰਾਂ ਵਿੱਚੋਂ 50 ਸਾਲ ਦੇ ਪਿਓ ਨੂੰ ਮੌਕੇ 'ਤੇ ਹੀ ਮਾਰ ਦਿੱਤਾ ਗਿਆ ਅਤੇ 24 ਸਾਲ ਦੇ ਹਮਲਾਵਰ (ਪੁੱਤਰ) ਨੂੰ ਹਿਰਾਸਤ ਵਿਚ ਲੈ ਲਿਆ ਗਿਆ, ਜੋ ਇਸ ਸਮੇਂ ਕੋਮਾ ਵਿੱਚ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਹ ਹਮਲਾਵਰ ਪਿਓ 1998 ਵਿੱਚ ਵਿਦਿਆਰਥੀ ਵੀਜ਼ੇ 'ਤੇ ਆਸਟ੍ਰੇਲੀਆ ਆਇਆ ਸੀ, ਅਤੇ ਜਦੋਂ ਉਸਦੀ ਮੌਤ ਹੋਈ ਤਾਂ ਉਹ ਆਸਟ੍ਰੇਲੀਅਨ ਰੈਜ਼ੀਡੈਂਟ ਸੀ। ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਕਿ ਉਹ ਕਿਸ ਦੇਸ਼ ਤੋਂ ਆਇਆ ਸੀ। ਉਸਦਾ 24 ਸਾਲ ਦਾ ਪੁੱਤਰ ਆਸਟ੍ਰੇਲੀਆ ਦਾ ਹੀ ਜੰਮਪਲ ਹੈ। ਪੁਲਿਸ ਅਨੁਸਾਰ, ਮਾਰੇ ਗਏ 50 ਸਾਲਾ ਹਮਲਾਵਰ ਕੋਲ ਬੰਦੂਕ ਦਾ ਲਾਈਸੈਂਸ ਸੀ ਅਤੇ ਉਸਦੇ ਘਰੋਂ 6 ਹਥਿਆਰ ਬਰਾਮਦ ਕੀਤੇ ਗਏ ਹਨ। ਉਸ ਕੋਲ ਗੰਨ ਕਲੱਬ ਦੀ ਮੈਂਬਰਸ਼ਿਪ ਵੀ ਸੀ। ਪੁਲਿਸ ਨੇ ਗੋਲੀਬਾਰੀ ਵਿੱਚ ਵਰਤੇ ਗਏ ਹਥਿਆਰਾਂ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਦਿੱਤੀ। ਪਰ ਮੌਕੇ ਤੋਂ ਮਿਲੀਆਂ ਵੀਡੀਓ ਵਿੱਚ ਨਜ਼ਰੀਂ ਪੈ ਰਿਹਾ ਹੈ ਕਿ ਦੋ ਵਿਅਕਤੀ ਇੱਕ ਬੋਲਟ-ਐਕਸ਼ਨ ਰਾਇਫਲ ਅਤੇ ਇੱਕ ਸ਼ਾਟਗਨ ਵਰਗੇ ਹਥਿਆਰ ਚਲਾ ਰਹੇ ਸਨ।



ਅਹਿਮਦ ਅਲ ਅਹਿਮਦ ਨਾਂ ਦਾ ਉਹ ਬਹਾਦਰ ਸਬਜੀਆਂ ਵੇਚਣ ਵਾਲਾ ਜਿਸ ਨੇ ਵਰ੍ਹਦੀਆਂ ਗੋਲੀਆਂ ਵਿੱਚ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਹਮਲਾਵਰ ਨੂੰ ਜਾ ਜੱਫਾ ਪਾਇਆ ਇਸ ਵੇਲੇ ਉਹ ਹਸਪਤਾਲ ਵਿੱਚ ਜੇਰੇ ਇਲਾਜ ਹੈ ਕਿਉਂਕਿ ਹਮਲਾਵਰਾਂ ਦੀਆਂ ਗੋਲੀਆਂ ਦਾ ਇਸ ਕੋਸ਼ਿਸ ਦੌਰਾਨ ਉਹ ਵੀ ਨਿਸ਼ਾਨਾ ਬਣ ਗਿਆ ਸੀ

ਇਸ ਭਿਆਨਕ ਕਤਲੇਆਮ ਅਤੇ ਦਹਿਸ਼ਤ ਭਰੇ ਮਾਹੌਲ ਵਿੱਚ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ, ਅਹਿਮਦ ਅਲ ਅਹਿਮਦ ਨਾਂ ਦੇ ਇੱਕ ਵਿਅਕਤੀ ਨੇ ਇੱਕ ਸ਼ੂਟਰ ਨੂੰ ਪਿੱਛੋਂ ਜਾ ਕੇ ਉਸਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਉਸਨੇ ਸ਼ੂਟਰ ਦੀ ਬੰਦੂਕ ਖੋਹ ਲਈ। ਫਿਰ ਅਹਿਮਦ ਨੇ ਹੇਠਾਂ ਡਿੱਗੇ ਹੋਏ ਸ਼ੂਟਰ 'ਤੇ ਬੰਦੂਕ ਤਾਣ ਦਿੱਤੀ। ਇਸ ਦੌਰਾਨ ਸ਼ੂਟਰ ਮੁੜ ਖੜਾ ਹੋਇਆ ਪਰ ਪੁਲਿਸ ਦੀ ਗੋਲੀ ਨਾਲ ਫੇਰ ਡਿੱਗ ਪਿਆ। ਨਿਊ ਸਾਊਥ ਵੇਲਜ਼ ਦੇ ਪ੍ਰੀਮੀਅਰ ਕ੍ਰਿਸ ਮਿਨਜ਼ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਹਿਮਦ ਦੀ ਬਹਾਦਰੀ ਸਦਕਾ ਕਿੰਨੀਆਂ ਹੀ ਜਿੰਦਗੀਆਂ ਬਚ ਗਈਆਂ। ਅਹਿਮਦ ਦੇ ਪਰਿਵਾਰ ਅਨੁਸਾਰ ਉਸਦੇ ਹੱਥ 'ਤੇ ਵੀ ਗੋਲੀ ਲੱਗੀ ਹੈ ਅਤੇ ਉਹ ਇਸ ਸਮੇਂ ਹਸਪਤਾਲ ਵਿਚ ਜ਼ੇਰੇ ਇਲਾਜ ਹੈ।


**ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ**

App Store    Play Store












# ਹੜ੍ਹ ਪੀੜਤਾਂ ਦੀ ਮੱਦਦ ਲਈ ਕੀਰਤਨ ਦਰਬਾਰਾਂ ਜ਼ਰੀਏ 10,000 ਡਾਲਰ ਫੰਡ ਇਕੱਤਰ ਕਰਕੇ ਖਾਲਸਾ ਏਡ ਨੂੰ ਦਿੱਤਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 14 ਦਸੰਬਰ ਦਿਨ ਐਤਵਾਰ ਗੁਰਦੁਆਰਾ ਸਾਹਿਬ ਗੁਰੂ ਰਾਮ ਦਾਸ ਦਰਬਾਰ ਕੈਲਗਰੀ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਪੰਜਾਬ ਦੇ ਹੜ੍ਹ ਪੀੜਤਾਂ ਲਈ 10,000 ਕਨੇਡੀਅਨ ਡਾਲਰ ਦੀ ਰਾਸ਼ੀ ਖ਼ਾਲਸਾ ਏਡ ਦੇ ਨੁਮਾਇੰਦਿਆਂ ਨੂੰ ਭੇਟ ਕੀਤੀ ਗਈ । ਗੁਰਦੁਆਰਾ ਸਾਹਿਬ ਵਿਖੇ ਸਤੰਬਰ ਦੇ ਮਹੀਨੇ ਆਤਮ ਰਸ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਸਿੱਖ ਪੰਥ ਦੇ ਪ੍ਰਸਿੱਧ ਜਥੇ ਭਾਈ ਨਿਰੰਜਣ ਸਿੰਘ ਜੀ ਜਵੱਦੀ ਕਲਾਂ ਵਾਲੇ, ਭਾਈ ਜਗਤਾਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਭਾਈ ਆਤਮਜੋਤ ਸਿੰਘ ਜੀ ਕੈਲੇਫੋਰਨੀਆ ਵਾਲਿਆਂ ਨੇ ਕੀਰਤਨ ਕੀਤਾ । ਸਤੰਬਰ 5 ਨੂੰ ਭਾਈ ਨਿਰੰਜਣ ਸਿੰਘ ਜੀ ਜਵੱਦੀ ਕਲਾਂ ਵਾਲਿਆਂ ਦੇ ਸੁਝਾਅ ਅਨੁਸਾਰ ਤਿੰਨਾ ਜਥਿਆਂ ਨੇ ਆਪਣੀ ਇੱਕ ਦਿਨ ਦੀ ਕੀਰਤਨ ਭੇਟਾ ਹੜ ਪੀੜਤਾਂ ਨੂੰ ਸਮਰਪਿਤ ਕੀਤੀ । ਕੈਲਗਰੀ ਦੀਆਂ ਸੰਗਤਾਂ ਨੇ ਭਰਪੂਰ ਸਹਿਯੋਗ ਦਿੱਤਾ ਅਤੇ ਕੁੱਲ 10,000ਕਨੇਡੀਅਨ ਡਾਲਰ ਇਕੱਤਰ ਕੀਤੇ । ਇਸ ਰਕਮ ਨੂੰ ਖ਼ਾਲਸਾ ਏਡ ਦੇ ਕੈਲਗਰੀ ਸਥਿੱਤ ਨੁਮਾਇੰਦੇ ਭਾਈ ਅਜੀਤ ਸਿੰਘ, ਗੀਤਾ ਕੌਰ ਕਲਿਆਣੀ, ਅਤੇ ਉਪਨੀਤ ਕੌਰ ਜੀ ਨੂੰ ਸੌਂਪੀ ਗਈ। ਗੁਰਦੁਆਰਾ ਸਾਹਿਬ ਗੁਰੂ ਰਾਮਦਾਸ ਦਰਬਾਰ ਦੀ ਸਮੁੱਚੀ ਸੇਵਾਦਾਰ ਕਮੇਟੀ ਵੱਲੋਂ ਸਾਰੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੇ ਕਾਰਜਾਂ ਵਿੱਚ ਸਹਿਯੋਗ ਦੀ ਉਮੀਦ ਕੀਤੀ ਜਾਂਦੀ ਹੈ।




# ਨਾਰਥ ਈਸਟ ਸੋਸਾਇਟੀ ਵੱਲੋਂ ਕਿਰਮਿਸ ਅਤੇ ਨਵੇਂ ਸਾਲ ਮਨਾਉਣ ਸਬੰਧੀ ਮੀਟਿੰਗ ਕੀਤੀ ਗਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਈਸਟ ਸੀਨੀਅਰਜ਼ ਸੋਸਾਇਟੀ ਵੱਲੋਂ ਸਰਦਾਰ ਕੇਵਲ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਕਿਰਿਸਮਸ ਡੇਅ ਅਤੇ ਨਵੇਂ ਸਾਲ ਦੇ ਦਿਨ ਦੇ ਸਮਾਰੋਹ ਬਾਰੇ ਵਿਸਥਾਰਪੂਰਵਕ ਵਿਚਾਰ-ਚਰਚਾ ਕੀਤੀ ਗਈ। ਸਭ ਮੈਂਬਰਾਂ ਦੀ ਪੂਰਨ ਸਹਿਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਇਹ ਦੋਵੇਂ ਤਿਉਹਾਰ 24 ਦਸੰਬਰ ਨੂੰ ਰਲ ਮਿਲ ਕੇ ਮਨਾਏ ਜਾਣਗੇ, ਤਾਂ ਜੋ ਸਭ ਮਿਲ ਕੇ ਖੁਸ਼ੀਆਂ ਸਾਂਝੀਆਂ ਕਰ ਸਕਣ। ਇਸਦੇ ਨਾਲ ਹੀ, ਉਹਨਾਂ ਸਾਥੀਆਂ ਲਈ ਵੀ ਵਿਸ਼ੇਸ਼ ਪਾਰਟੀ ਦਾ ਪ੍ਰਬੰਧ ਕੀਤਾ ਗਿਆ ਜੋ ਜਲਦੀ ਹੀ ਭਾਰਤ ਯਾਤਰਾ ਲਈ ਰਵਾਨਾ ਹੋ ਰਹੇ ਹਨ। ਉਹਨਾਂ ਨੂੰ ਸੁਖਨਮਈ, ਸੁਰੱਖਿਅਤ ਅਤੇ ਖੁਸ਼ਹਾਲ ਯਾਤਰਾ ਲਈ ਸਾਰੇ ਮੈਂਬਰਾਂ ਵੱਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

SUPERVISA
Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ
ਮੈਂਬਰ ਤੁਹਾਡੀ ਸੇਵਾ ਵਿੱਚ

Pii Punjab Insurance Inc

SERVICES
- Life Insurance
- Mortgage Insurance
- Critical Illness Insurance
- Disability Insurance

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ
ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

403 404 3500
sidhu.harpinder@gmail.com



Harpinder Sidhu
REGIONAL MANAGER
Lovepreet Sidhu
REGIONAL MANAGER

Calgary

# ਇਸ ਛੁੱਟੀਆਂ ਦੇ ਸੀਜ਼ਨ ਵਿੱਚ, ਵੀਰਵਾਰ ਨੂੰ ਹੋਣ ਵਾਲੀ ਕਾਰਟ ਪਿਕਅੱਪ ਸੋਮਵਾਰ 'ਤੇ ਤਬਦੀਲ ਕੀਤੀ ਜਾ ਰਹੀ ਹੈ

ਵੀਰਵਾਰ ਦੀ ਆਮ ਪਿਕਅੱਪ ਦੀ ਬਜਾਏ, ਤੁਹਾਡੀ ਨੀਲੀ, ਕਾਲੀ ਅਤੇ/ਜਾਂ ਹਰੇ ਰੰਗ ਦੀ ਕਾਰਟ ਹੇਠ ਲਿਖੀਆਂ ਤਾਰੀਖਾਂ ਦੇ ਮੁਤਾਬਕ ਚੱਕੀ ਜਾਵੇਗੀ:

- **ਸੋਮਵਾਰ, 22 ਦਸੰਬਰ**
- **ਸੋਮਵਾਰ, 29 ਦਸੰਬਰ**




ਦਸੰਬਰ **2025** / ਜਨਵਰੀ **2026**

| ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ |
|---|---|---|---|---|
| 22 ਦਸੰਬਰ | 23 ਦਸੰਬਰ | 24 ਦਸੰਬਰ | 25 ਦਸੰਬਰ ਕੋਈ ਪਿਕਅੱਪ ਨਹੀਂ | 26 ਦਸੰਬਰ |
| 29 ਦਸੰਬਰ | 30 ਦਸੰਬਰ | 31 ਦਸੰਬਰ | 1 ਜਨਵਰੀ ਕੋਈ ਪਿਕਅੱਪ ਨਹੀਂ | 2 ਜਨਵਰੀ |
| 5 ਜਨਵਰੀ | 6 ਜਨਵਰੀ | 7 ਜਨਵਰੀ | 8 ਜਨਵਰੀ ਪਿਕਅੱਪ ਦੁਬਾਰਾ ਸ਼ੁਰੂ | 9 ਜਨਵਰੀ |

**calgary.ca/cartschedule** 'ਤੇ ਆਪਣਾ ਕਲੈਕਸ਼ਨ ਸ਼ਡਿਊਲ ਦੇਖੋ ਅਤੇ ਮੁਫ਼ਤ ਰੀਮਾਈਂਡਰ ਸੈੱਟ ਕਰੋ

ਛੁੱਟੀਆਂ ਦੀਆਂ ਸ਼ੁਭਕਾਮਨਾਵਾਂ।

HMP
# CUSTOM CABINETS
SPECIALIST IN
CUSTOM KITCHEN, BARS, WASHROOM VANITY,
CLOSET & ALL COMMERCIAL MILL WORK
BUILT GARAGE,
GARAGE DOOR INSTALLATION,
NEW HOUSE FRAMING,
OLD HOUSE EXTENSION & ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON



403 701 4947, 403 829 5000
www.hmphone.com

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ, ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ




Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

# ਬੰਦੇ ਮਾਤਰਮ ਬਨਾਮ ਜਨ ਗਣ ਮਨ



ਗੁਰਮੀਤ ਸਿੰਘ ਪਲਾਹੀ
-9815802070



ਇਸ ਸਮੇਂ ਚੱਲ ਰਹੀ ਭਾਰਤ ਦੀ ਸੰਸਦ ਵਿੱਚ ਗ਼ਰੀਬੀ, ਸਿੱਖਿਆ, ਸਿਹਤ ਸੇਵਾਵਾਂ, ਬੁਨਿਆਦੀ ਢਾਂਚਾ, ਚੀਜ਼ਾਂ ਅਤੇ ਸੇਵਾਵਾਂ ਦੇਸ਼ 'ਚ ਕਿੰਨੀਆਂ ਉਪਲਬਧ ਹਨ ਅਤੇ ਕਿੰਨਿਆਂ ਨੂੰ ਮਿਲ ਰਹੀਆਂ ਹਨ, ਦੇਸ਼ ਦੀ ਵਿੱਤੀ ਹਾਲਤ ਕਿਹੋ-ਜਿਹੀ ਹੈ, ਦੇਸ਼ ਨੂੰ ਕਿੰਨਾ ਵਪਾਰਕ ਘਾਟਾ ਪੈ ਰਿਹਾ ਹੈ, ਜਲਵਾਯੂ ਬਦਲੀ ਦਾ ਕਿੰਨਾ ਕੁ ਅਸਰ ਪੈ ਰਿਹਾ ਹੈ-ਇਨ੍ਹਾਂ ਸਾਰੇ ਮੁੱਦਿਆਂ 'ਤੇ ਚਰਚਾ ਕਰਨ ਦੀ ਥਾਂ "ਬੰਦੇ ਮਾਤਰਮ ਬਨਾਮ ਜਨ ਗਣ ਮਨ" ਬਾਰੇ ਚਰਚਾ ਹੋ ਰਹੀ ਹੈ।

ਚਰਚਾ ਇਸ ਗੱਲ ਦੀ ਨਹੀਂ ਹੋ ਰਹੀ ਕਿ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਈਆ ਕਮਜ਼ੋਰ ਕਿਉਂ ਹੋ ਰਿਹਾ ਹੈ ਅਤੇ ਇਸ ਦੀ ਕੀਮਤ ਲਗਾਤਾਰ ਕਿਉਂ ਘੱਟ ਰਹੀ ਹੈ। ਇਹ ਵੀ ਨਹੀਂ ਦੱਸਿਆ ਜਾ ਰਿਹਾ ਕਿ 2014 ਵਿੱਚ ਡਾਲਰ ਦੀ ਕੀਮਤ 58.5 ਰੁਪਏ ਸੀ ਤੇ ਹੁਣ 90 ਰੁਪਏ ਪਾਰ ਕਰ ਗਈ ਹੈ। ਮਨਮੋਹਣ ਸਿੰਘ ਦੇ ਕਾਰਜਕਾਲ ਵਿੱਚ ਇਹ 29 ਫ਼ੀਸਦੀ ਸੀ। ਸਤੰਬਰ 2023 ਵਿੱਚ ਡਾਲਰ 83.51 ਰੁਪਏ ਸੀ, ਜਦਕਿ ਸਤੰਬਰ 2024 'ਚ 88.74 ਰੁਪਏ ਹੋ ਗਿਆ।

ਨਹਿਰੂ ਕਾਲ ਵਿੱਚ, ਅਜ਼ਾਦੀ ਦੇ ਸਮੇਂ, ਡਾਲਰ ਦੀ ਕੀਮਤ 3.5 ਰੁਪਏ ਸੀ ਅਤੇ 1949 ਵਿੱਚ 4.76 ਰੁਪਏ ਤੱਕ ਡਿੱਗੀ ਸੀ। ਇਹ ਕੀਮਤ ਕਈ ਦੇਸ਼ਾਂ ਦੇ ਮੁਕਾਬਲੇ ਬਿਹਤਰ ਮੰਨੀ ਜਾਂਦੀ ਸੀ। ਨਹਿਰੂ ਕਾਲ ਦੇ ਸਮੇਂ ਦੀਆਂ ਚੰਗੀਆਂ ਗੱਲਾਂ ਨੂੰ ਦਰਕਿਨਾਰ ਕਰਕੇ ਮੋਦੀ ਸਰਕਾਰ ਉਹਨਾਂ ਦੀਆਂ ਊਣਤਾਈਆਂ ਦੇ ਪਿੱਛੇ ਪੈ ਕੇ ਘੁਣਤਰਾਂ ਕਰ ਰਹੀ ਹੈ। ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਕੀ ਇਹ ਚੰਗੀ ਗੱਲ ਹੈ ?

ਸੰਸਦ ਵਿੱਚ ਵਧਦੀ ਨਾ-ਬਰਾਬਰੀ ਦੀ ਗੱਲ ਕਿਉਂ ਨਹੀਂ ਹੁੰਦੀ ? ਜਨਸੰਖਿਆ ਦੇ ਵਾਧੇ ਬਾਰੇ ਚਰਚਾ ਕਿਉਂ ਨਹੀਂ ਹੈ ? ਦੇਸ਼ ਦੇ ਮਹਾਂਸਾਗਰਾਂ ਦੀਆਂ ਚੁਣੌਤੀਆਂ ਚਰਚਾ ਦਾ ਵਿਸ਼ਾ ਕਿਉਂ ਨਹੀਂ ਹਨ ? ਬਣਾਵਟੀ ਬੁੱਧੀਮਤਾ, ਮਸ਼ੀਨੀ ਲਰਨਿੰਗ ਬਾਰੇ ਚੁੱਪੀ ਕਿਉਂ ਹੈ ਮਹਾਨ ਸੰਸਦ ਵਿੱਚ ? ਧਰਮ-ਨਿਰਪੱਖ ਕਦਰਾਂ-ਕੀਮਤਾਂ 'ਚ ਵਾਧੇ ਦੀ ਥਾਂ ਧਾਰਮਿਕ ਪਾੜ ਪਾਉਣ ਦਾ ਬੀੜਾ ਆਖ਼ਰ ਦੇਸ਼ ਦੀ ਸੰਸਦ 'ਚ ਮੌਜੂਦ ਸਰਕਾਰ ਚੁੱਕ ਕੇ ਦੇਸ਼ ਨੂੰ ਕਿਸ ਪਾਸੇ ਲਿਜਾ ਰਹੀ ਹੈ ?ਕਿਉਂ ਉਹ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੀ ਹੈ ਅਤੇ ਦੇਸ਼ ਦਾ ਮੁਖੀ-ਚੌਧਰੀ ਮਾਣ ਮਹਿਸੂਸ ਕਰ ਰਿਹਾ ਹੈ।

ਭਾਜਪਾ ਅਤੇ ਸਰਕਾਰ ਨੇ ਕਾਂਗਰਸ ਉੱਤੇ ਰਾਸ਼ਟਰੀ ਗੀਤ "ਬੰਦੇ ਮਾਤਰਮ" ਨੂੰ ਪਿੱਛੇ ਸੁੱਟਣ ਦਾ ਦੋਸ਼ ਲਾਇਆ ਅਤੇ ਸੰਸਦ ਦੇ ਦੋਹਾਂ ਘਰਾਂ-ਲੋਕ ਸਭਾ ਤੇ ਰਾਜ ਸਭਾ-ਵਿੱਚ ਬਹਿਸ ਦੀ ਚੁਣੌਤੀ ਦਿੱਤੀ।

ਦੋਹਾਂ ਧਿਰਾਂ ਨੇ ਇਤਿਹਾਸ ਵਰਣਨ ਕੀਤਾ। ਪ੍ਰਧਾਨ ਮੰਤਰੀ ਦੇ ਸ਼ਬਦ ਵੇਖੋ"ਬੰਦੇ ਮਾਤਰਮ" ਦੀ ਰਚਨਾ ਉਸ ਸਮੇਂ ਹੋਈ ਜਦੋਂ 1857 ਦੇ ਅਜ਼ਾਦੀ ਸੰਗਰਾਮ ਦੇ ਬਾਅਦ ਅੰਗਰੇਜ਼ ਸਾਮਰਾਜ ਡਾਵਾਂਡੋਲ ਸੀ। ਉਸ ਨੇ ਭਾਰਤ ਉੱਤੇ ਵੱਖ-ਵੱਖ ਦਬਾਅ ਪਾਏ, ਬੇਇਨਸਾਫ਼ੀਆਂ ਕੀਤੀਆਂ। ਤਦ "ਬੰਦੇ ਮਾਤਰਮ" ਨੇ ਚੁਣੌਤੀ ਦਿੱਤੀ ਅਤੇ ਪੂਰੀ ਤਾਕਤ ਨਾਲ ਜਵਾਬ ਦਿੱਤਾ। ਇਸੇ ਲਲਕਾਰ ਨੇ "ਬੰਦੇ ਮਾਤਰਮ" ਨੂੰ ਜਨਮ ਦਿੱਤਾ।

ਇੱਕ ਹੋਰ ਬਿਆਨ ਧਿਆਨਯੋਗ ਹੈ ......ਮੁਹੰਮਦ ਅਲੀ ਜਿਨਾਹ ਨੇ 15 ਅਕਤੂਬਰ 1937 ਨੂੰ ਲਖਨਊ ਤੋਂ "ਬੰਦੇ ਮਾਤਰਮ" ਦੇ ਵਿਰੁੱਧ ਨਾਅਰਾ ਲਾਇਆ। ਮੁਸਲਿਮ ਲੀਗ ਦੇ ਨਿਰ-ਅਧਾਰ ਬਿਆਨਾਂ ਦਾ ਖੰਡਨ ਕਰਨ ਅਤੇ ਉਸ ਦੀ ਨਿੰਦਾ ਕਰਨ ਦੀ ਥਾਂ, ਉਸ ਸਮੇਂ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ ਨੇ "ਬੰਦੇ ਮਾਤਰਮ" ਪ੍ਰਤੀ ਆਪਣੀ ਕਾਂਗਰਸ ਪਾਰਟੀ ਦੀ ਪ੍ਰਤੀਬੱਧਤਾ ਦੀ ਪੁਸ਼ਟੀ ਨਹੀਂ ਕੀਤੀ ਅਤੇ ਆਪ "ਬੰਦੇ ਮਾਤਰਮ" 'ਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੱਤੇ। ਜਿਨਾਹ ਦੇ ਵਿਰੋਧ ਦੇ ਠੀਕ ਪੰਜ ਦਿਨ ਬਾਅਦ, 20 ਅਕਤੂਬਰ 1937 ਨੂੰ, ਨਹਿਰੂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਇੱਕ ਖ਼ਤ ਲਿਖ ਕੇ ਜਿਨਾਹ ਦੀ ਭਾਵਨਾ ਨਾਲ ਸਹਿਮਤੀ ਦਿੱਤੀ। ਨਹਿਰੂ ਨੇ ਕਿਹਾ, "ਮੈਂ 'ਬੰਦੇ ਮਾਤਰਮ' ਦੀ ਪਿੱਠਭੂਮੀ ਪੜ੍ਹੀ ਹੈ। ਮੈਨੂੰ ਲੱਗਦਾ ਹੈ ਕਿ ਇਹ ਪਿੱਠਭੂਮੀ ਮੁਸਲਮਾਨਾਂ ਨੂੰ ਭੜਕਾ ਸਕਦੀ ਹੈ।"

"ਬਦਕਿਸਮਤੀ ਨਾਲ, 26 ਅਕਤੂਬਰ 1937 ਨੂੰ ਕਾਂਗਰਸ ਨੇ "ਬੰਦੇ ਮਾਤਰਮ" ਉੱਤੇ ਸਮਝੌਤਾ ਕਰ ਲਿਆ ਅਤੇ ਇਸ ਨੂੰ ਟੁਕੜਿਆਂ 'ਚ ਵੰਡ ਦਿੱਤਾ। ਇਤਿਹਾਸ ਗਵਾਹ ਹੈ ਕਿ ਭਾਰਤੀ ਰਾਸ਼ਟਰੀ ਕਾਂਗਰਸ ਨੇ ਮੁਸਲਿਮ ਲੀਗ ਦੇ ਅੱਗੇ ਗੋਡੇ ਟੇਕ ਦਿੱਤੇ ਅਤੇ ਉਸ ਦੇ ਦਬਾਅ ਹੇਠ ਤੁਸ਼ਟੀਕਰਨ ਦੀ ਰਾਜਨੀਤੀ ਅਪਣਾ ਲਈ। ਕਾਂਗਰਸ ਹੁਣ ਮੁਸਲਿਮ ਲੀਗ ਮਾਓਵਾਦੀ ਕਾਂਗਰਸ ਬਣ ਚੁੱਕੀ ਹੈ।"

ਨਰੇਂਦਰ ਮੋਦੀ ਦੇ ਜੋੜੀਦਾਰ ਅਮਿਤ ਸ਼ਾਹ ਦਾ ਬਿਆਨ ਧਿਆਨ ਮੰਗਦਾ ਹੈ, ਜਿਸ ਨੇ ਕਿਹਾ ਕਿ ਰਾਸ਼ਟਰੀ ਗੀਤ ਨੂੰ ਵੰਡਣ ਨਾਲ ਤੁਸ਼ਟੀਕਰਨ ਦੀ ਨੀਤੀ ਨੂੰ ਬੜਾਵਾ ਮਿਲਿਆ, ਜਿਸ ਦੇ ਕਾਰਨ ਦੇਸ਼ ਦੀ ਵੰਡ ਹੋਈ। ਅਸਲ ਵਿੱਚ ਮੋਦੀ-ਸ਼ਾਹ ਜੋੜੀ ਭਾਜਪਾ ਤੇ ਸਰਕਾਰ ਵੱਲੋਂ ਇਤਿਹਾਸ ਦੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਯਤਨ ਹੈ, ਜਿਸ ਨੂੰ ਇਹ ਤੱਥ ਪੇਸ਼ ਕਰਨ ਵਾਲੀਆਂ ਧਿਰਾਂ ਵੀ ਅਸਹਿਜ ਮਹਿਸੂਸ ਕਰਨਗੀਆਂ।

ਕੀ ਪ੍ਰਧਾਨ ਮੰਤਰੀ ਮੋਦੀ ਇਹ ਤੱਥ ਨਹੀਂ ਜਾਣਦੇ ਕਿ ਆਰ.ਐੱਸ.ਐੱਸ. ਅਤੇ ਭਾਜਪਾ ਦੇ ਪਹਿਲੇ ਸੰਗਠਨ-ਜਨ ਸੰਘ ਆਦਿ ਦੀ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਜਾਂ "ਬੰਦੇ ਮਾਤਰਮ" ਗੀਤ ਅਤੇ ਉਸ ਨੂੰ ਲੋਕ ਮਨ ਵਿੱਚ ਵਸਾਉਣ ਵਿੱਚ ਕੋਈ ਭੂਮਿਕਾ ਨਹੀਂ ਸੀ। ਚਿੱਟੇ ਦਿਨ ਵਰਗਾ ਸੱਚ ਇਹ ਵੀ ਹੈ ਕਿ ਆਰ.ਐੱਸ .ਐੱਸ.ਨੇ ਆਪਣੇ ਹੈੱਡਕੁਆਰਟਰ ਵਿੱਚ 52 ਸਾਲਾਂ ਤੱਕ ਰਾਸ਼ਟਰੀ ਝੰਡਾ ਹੀ ਨਹੀਂ ਲਹਿਰਾਇਆ।

1937 ਤੋਂ ਹੁਣ ਤੱਕ ਦੋ ਛੰਦਾਂ ਵਾਲੇ ਰਾਸ਼ਟਰੀ ਗੀਤ ਉੱਤੇ ਕਿਸੇ ਨੇ ਕੋਈ ਸਵਾਲ ਨਹੀਂ ਚੁੱਕਿਆ, ਕੋਈ ਵਿਵਾਦ ਨਹੀਂ ਉਠਾਇਆ। ਹੁਣ ਇਹ ਵਾਧੂ ਦਾ ਝਗੜਾ ਝੇੜਾ ਕਿਉਂ ? ਰਾਸ਼ਟਰੀ ਗੀਤ ਲਈ ਕੁਝ ਛੰਦਾਂ ਦੀ ਚੋਣ ਕੋਈ ਅਸਧਾਰਣ ਗੱਲ ਨਹੀਂ ਹੈ। "ਜਨ ਗਣ ਮਨ", ਜੋ ਕਿ ਰਾਸ਼ਟਰੀ ਮਾਣ ਹੈ,ਰਵਿੰਦਰ ਨਾਥ ਟੈਗੋਰ ਦੀ ਇੱਕ ਪੂਰੀ ਕਵਿਤਾ ਦਾ ਸੰਖੇਪ ਰੂਪ ਹੈ, ਕਈ ਦੇਸ਼ਾਂ ਦੇ ਰਾਸ਼ਟਰੀ ਗੀਤ ਵੀ ਲੰਬੀਆਂ ਰਚਨਾਵਾਂ ਦੇ ਸੰਖੇਪ ਰੂਪ ਹਨ।

ਆਓ ਵੇਖੀਏ ਰਾਸ਼ਟਰੀ ਗੀਤ ਦਾ ਘਟਨਾਕ੍ਰਮ-ਇਹ ਹੋਂਦ ਵਿੱਚ ਕਿਵੇਂ ਆਇਆ। 1870 ਦੇ ਦਹਾਕੇ ਵਿੱਚ ਬੰਕਿਮ ਚੰਦਰ ਚੈਟਰਜੀ ਨੇ ਇਸ ਗੀਤ ਦੀਆਂ ਕੁਝ ਸਤਰਾਂ ਲਿਖੀਆਂ, ਜੋ ਪ੍ਰਕਾਸ਼ਿਤ ਨਹੀਂ ਹੋਈਆਂ। 1881 ਵਿੱਚ ਇਸ ਕਵਿਤਾ ਦਾ ਵਿਸਤਾਰਿਤ ਰੂਪ ਨਾਵਲ "ਆਨੰਦ ਮਠ" ਵਿੱਚ ਸ਼ਾਮਲ ਕੀਤਾ ਗਿਆ। 1905 ਵਿੱਚ ਰਵਿੰਦਰ ਨਾਥ ਟੈਗੋਰ ਨੇ ਰਾਸ਼ਟਰਵਾਦੀ ਪ੍ਰਦਰਸ਼ਨਾਂ ਦੀ ਅਗਵਾਈ ਕਰਦਿਆਂ "ਬੰਦੇ ਮਾਤਰਮ" ਗਾਇਆ। ਇਹ ਇੱਕ ਸਿਆਸੀ ਨਾਅਰਾ ਬਣਿਆ। 1908 ਵਿੱਚ ਤਾਮਿਲ ਕਵੀ ਸੁਬ੍ਰਮਣਿਆ ਭਾਰਤੀ ਨੇ ਆਪਣੀ ਕਵਿਤਾ "ਇੰਥੈਯੁਮ ਤਾਯੁਮ ਮਰੰਦੁ" ਵਿੱਚ ਬੰਦੇ ਮਾਤਰਮ ਨੂੰ ਅਨੁਵਾਦ ਕੀਤਾ।1930 ਦੇ ਦਹਾਕੇ ਵਿੱਚ ਸੰਪਰਦਾਇਕ ਸਿਆਸਤ ਚਰਮ ਸੀਮਾ 'ਤੇ ਸੀ, ਇਸ ਕਰਕੇ ਇਹ ਗੀਤ ਵਿਵਾਦਿਤ ਹੋਇਆ।

28 ਸਤੰਬਰ 1937 ਨੂੰ ਰਾਜਿੰਦਰ ਪ੍ਰਸਾਦ ਨੇ ਸਰਦਾਰ ਪਟੇਲ ਨੂੰ ਖ਼ਤ ਲਿਖ ਕੇ ਗੀਤ ਦੇ ਵਿਆਪਕ ਵਿਰੋਧ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਸੁਝਾਅ ਦਿੱਤਾ ਕਿ ਇਸ 'ਤੇ ਕਾਂਗਰਸ ਨੂੰ ਆਪਣੀ ਨੀਤੀ ਸਪੱਸ਼ਟ ਕਰਨੀ ਚਾਹੀਦੀ ਹੈ।

ਕਾਂਗਰਸ ਕਾਰਜਕਾਰਨੀ ਦੀ ਬੈਠਕ ਤੋਂ ਇੱਕ ਸ਼ਾਮ ਪਹਿਲਾਂ ਸੁਭਾਸ਼ ਚੰਦਰ ਬੋਸ ਨੇ ਰਵਿੰਦਰ ਨਾਥ ਟੈਗੋਰ ਤੋਂ ਸਲਾਹ ਲਈ। ਮਿਤੀ 17 ਅਕਤੂਬਰ 1937 ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਜਵਾਹਰ ਲਾਲ ਨਹਿਰੂ ਨੂੰ ਖ਼ਤ ਲਿਖ ਕੇ ਕਾਂਗਰਸ ਕਾਰਜਕਾਰਨੀ ਵਿੱਚ ਚਰਚਾ ਕਰਨ ਦੀ ਮੰਗ ਕੀਤੀ। 20 ਅਕਤੂਬਰ 1937 ਨੂੰ ਨਹਿਰੂ ਨੇ ਬੋਸ ਨੂੰ ਖ਼ਤ ਲਿਖ ਕੇ ਕਿਹਾ ਕਿ ਇਹ ਵਿਵਾਦ ਸੰਪਰਦਾਇਕ ਤੱਤਾਂ ਵੱਲੋਂ ਵਧਾਇਆ ਗਿਆ ਹੈ ਅਤੇ ਉਹ ਇਸ ਮਾਮਲੇ 'ਤੇ ਟੈਗੋਰ ਅਤੇ ਹੋਰ ਲੋਕਾਂ ਨਾਲ ਵਿਚਾਰ ਕਰਨਗੇ।

26 ਅਕਤੂਬਰ 1937 ਨੂੰ ਟੈਗੋਰ ਨੇ ਨਹਿਰੂ ਨੂੰ ਖ਼ਤ ਲਿਖ ਕੇ ਕਿਹਾ ਕਿ ਗੀਤ ਦਾ ਪਹਿਲਾ ਹਿੱਸਾ ਆਪਣੇ ਆਪ ਵਿੱਚ ਪੂਰਾ ਹੈ ਅਤੇ ਇਸ ਵਿੱਚ ਪ੍ਰੇਰਣਾਦਾਇਕ ਸੁਨੇਹਾ ਹੈ, ਜੋ ਕਿਸੇ ਵੀ ਧਾਰਮਿਕ ਸਮੁਦਾਇ ਲਈ ਇਤਰਾਜ਼ਯੋਗ ਨਹੀਂ ਹੈ। 28 ਅਕਤੂਬਰ 1937 ਨੂੰ ਕਾਂਗਰਸ ਕਾਰਜਕਾਰਨੀ ਨੇ ਕਵਿਤਾ ਦੇ ਦੋ ਛੰਦਾਂ ਨੂੰ ਰਾਸ਼ਟਰੀ ਗੀਤ ਦੇ ਰੂਪ ਵਿੱਚ ਅਪਣਾਇਆ। ਜਨਵਰੀ 1939 ਵਿੱਚ ਕਾਂਗਰਸ ਨੇ ਮਹਾਤਮਾ ਗਾਂਧੀ ਦੀ ਹਾਜ਼ਰੀ ਵਿੱਚ ਵਾਰਧਾ ਵਿਖੇ ਹੋਈ ਇੱਕ ਬੈਠਕ ਵਿੱਚ ਇਸ ਪ੍ਰਸਤਾਵ ਨੂੰ ਦੁਹਰਾਇਆ।

ਹੁਣ ਸਪੱਸ਼ਟ ਹੈ ਕਿ ਦੇਸ਼ ਨੂੰ ਦਰਪੇਸ਼ ਮੁਸ਼ਕਲਾਂ ਤੋਂ ਪਾਸਾ ਵੱਟਣ ਲਈ ਦੇਸ਼ ਦੇ ਅਸਲ ਮੁੱਦਿਆਂ-ਮਸਲਿਆਂ ਨੂੰ ਅੱਖੋਂ ਪਰੋਖੇ ਕਰਕੇ ਅਜਿਹੇ ਮਸਲਿਆਂ ਵਿੱਚ ਲੋਕਾਂ ਨੂੰ ਉਲਝਾਇਆ ਜਾ ਰਿਹਾ ਹੈ, ਜਿਨ੍ਹਾਂ ਦਾ ਆਮ ਲੋਕਾਂ ਨਾਲ ਮੌਜੂਦਾ ਦੌਰ ਵਿੱਚ ਕੋਈ ਲੈਣਾ-ਦੇਣਾ ਨਹੀਂ ਹੈ।

ਕੀ "ਬੰਦੇ ਮਾਤਰਮ" ਦੀ ਥਾਂ ਇਹ ਚਰਚਾ ਦਰਕਾਰ ਨਹੀਂ ਹੈ ਕਿ 15 ਭਗੌੜੇ ਆਰਥਿਕ ਅਪਰਾਧੀ ਸਰਕਾਰੀ ਬੈਂਕਾਂ ਦੇ 58 ਹਜ਼ਾਰ ਕਰੋੜ ਰੁਪਏ ਡਕਾਰ ਚੁੱਕੇ ਹਨ ? ਕੀ ਇਹ ਵਿਚਾਰਿਆ ਨਹੀਂ ਜਾਣਾ ਚਾਹੀਦਾ ਕਿ ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਦੁਰਦਸ਼ਾ ਕਿਉਂ ਹੈ ?

ਇਸ ਸਮੇਂ ਦੇਸ਼ ਦੀ ਸਮੱਸਿਆ ਇਹ ਹੈ ਕਿ ਇੱਕ ਤਾਕਤਵਰ ਵਿਰੋਧੀ ਧਿਰ ਨਹੀਂ ਹੈ। ਵਿਰੋਧੀ ਧਿਰ ਦੇ ਬਿਨਾਂ, ਨਾ ਸੰਸਦ ਦੇ ਅੰਦਰ ਅਤੇ ਨਾ ਹੀ ਸੰਸਦ ਦੇ ਬਾਹਰ, ਉਹ ਸੁਧਾਰ ਆ ਸਕਦੇ ਹਨ ਜਿਨ੍ਹਾਂ ਦੀ ਲੋਕਾਂ ਨੂੰ ਲੋੜ ਹੈ। ਦੇਸ਼ ਗੰਦਗੀ ਦਾ ਢੇਰ ਬਣ ਚੁੱਕਾ ਹੈ। ਗੰਦਗੀ ਕਾਰਨ 1000 ਵਿੱਚੋਂ 28 ਭਾਰਤੀ ਬੱਚੇ ਮਰ ਜਾਂਦੇ ਹਨ। ਪੰਜ ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਹ ਅਜਿਹੀਆਂ ਬਿਮਾਰੀਆਂ ਨਾਲ ਗ੍ਰਸਤ ਹੋ ਜਾਂਦੇ ਹਨ, ਜੋ ਲਾਇਲਾਜ ਨਹੀਂ।

ਪਰ ਦੇਸ਼ ਦੇ ਸ਼ਾਸਕ ਪੁੱਛਦੇ ਹੀ ਨਹੀਂ। ਉਹਨਾਂ ਨੂੰ ਸੜਕਾਂ, ਰੇਲਵੇ ਲਾਈਨਾਂ ਅਤੇ ਸਰਵਜਨਕ ਥਾਵਾਂ 'ਤੇ ਕੂੜਾ ਦਿਸਦਾ ਹੀ ਨਹੀਂ। ਦੇਸ਼ ਵਿੱਚ ਬਹੁਤ ਕੁਝ ਕਰਨ ਵਾਲਾ ਹੈ, ਪਰ ਨਾ ਮੋਦੀ ਜੀ ਨੂੰ ਅਤੇ ਨਾ ਹੀ ਮੋਦੀ ਭਗਤਾਂ ਨੂੰ ਕੁਝ ਦਿਖਾਈ ਦਿੰਦਾ ਹੈ। ਉਹ ਆਪਣੇ ਆਪ ਨੂੰ ਉੱਚ ਵਿਚਾਰਾਂ ਵਾਲਾ ਸਮਝਦੇ ਹਨ, ਇਤਿਹਾਸ ਵਿੱਚੋਂ ਘਟਨਾਵਾਂ ਚੁਣਦੇ ਹਨ, ਆਪਣੀ ਸਵਾਰਥ ਸਿੱਧੀ ਲਈ ਵਰਤਦੇ ਹਨ, ਵੋਟਾਂ ਇਕੱਠੀਆਂ ਕਰਦੇ ਹਨ ਅਤੇ ਫਿਰ ਚੈਨ ਨਾਲ ਬੈਠ ਜਾਂਦੇ ਹਨ, ਆਪਣੀ ਅਗਲੀ ਪਾਰੀ ਖੇਡਣ ਲਈ।

ਬਦਕਿਸਮਤੀ ਦੀ ਗੱਲ ਇਹ ਹੈ ਕਿ "ਬੰਦੇ ਮਾਤਰਮ", ਜੋ ਬੰਗਾਲੀ ਬਾਬੂ ਵੱਲੋਂ ਲਿਖਿਆ ਤੇ ਗਾਇਆ ਗਿਆ, ਚੋਣਾਵੀ ਸਿਆਸਤ ਦੀ ਲਪੇਟ ਵਿੱਚ ਆ ਗਿਆ ਹੈ। ਇਸ ਗੀਤ ਨੂੰ ਅਗਲੇ ਸਾਲ ਹੋਣ ਵਾਲੀਆਂ ਪੱਛਮੀ ਬੰਗਾਲ ਦੀਆਂ ਚੋਣਾਂ ਵਿੱਚ ਉਥੋਂ ਦੇ ਵੋਟਰਾਂ ਨੂੰ ਭਰਮਾਉਣ ਲਈ ਵਰਤੇ ਜਾਣ ਦਾ ਖਦਸ਼ਾ ਹੈ। ਇਸ ਗੀਤ ਨੂੰ ਹਿੰਦੂ-ਮੁਸਲਮਾਨਾਂ ਵਿੱਚ ਵੰਡਣ ਦੀ ਸਾਜ਼ਿਸ਼ ਹੋ ਰਹੀ ਹੈ।

"ਬੰਦੇ ਮਾਤਰਮ" ਕਦੇ ਅਜ਼ਾਦੀ ਸੰਗਰਾਮ ਸਮੇਂ ਦੇਸ਼ ਨੂੰ ਇੱਕਜੁੱਟ ਕਰਨ ਵਾਲਾ ਸੀ, ਅੰਗਰੇਜ਼ਾਂ ਨੂੰ ਡਰਾਉਣ ਵਾਲਾ ਸੀ। ਇਸ ਗੀਤ ਨੇ ਦੇਸ਼ ਦੇ ਅਜ਼ਾਦੀ ਅੰਦੋਲਨ ਨੂੰ ਊਰਜਾ ਦਿੱਤੀ, ਪ੍ਰੇਰਣਾ ਦਿੱਤੀ। ਅੱਜ, ਜਦੋਂ ਦੇਸ਼ ਦੇ ਮੌਜੂਦਾ ਹਾਕਮਾਂ ਵੱਲੋਂ ਮਨੁੱਖੀ ਅਧਿਕਾਰਾਂ ਦਾ ਹਨਨ ਹੋ ਰਿਹਾ ਹੈ, ਦੇਸ਼ ਨੂੰ ਸੰਪਰਦਾਇਕ ਤੌਰ 'ਤੇ ਵੰਡਣ ਦੇ ਜਤਨ ਹੋ ਰਹੇ ਹਨ, ਦੇਸ਼ ਵਿੱਚ ਗ਼ਰੀਬੀ ਅਤੇ ਭੁੱਖਮਰੀ ਵਧ ਰਹੀ ਹੈ, ਤਦ ਇੱਕ ਵਾਰ ਫਿਰ ਅਜ਼ਾਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਲੋਕਾਂ ਨੂੰ "ਬੰਦੇ ਮਾਤਰਮ" ਦੀ ਮੁੜ-ਸੁਰਜੀਤੀ ਦੀ ਲੋੜ ਮਹਿਸੂਸ ਹੋ ਰਹੀ ਹੈ।



ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.


-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਟਰੰਪ ਵਾਂਗ 'ਸਾਡਾ ਰਾਜਾ' ਵੀ ਵਿਦੇਸ਼ੀਆਂ ਉੱਤੇ ਸਖਤ ਸ਼ਰਤਾਂ ਲਾਉਂਦਾ ਸੀ !



ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com

ਅਮਰੀਕਨ ਰਾਸ਼ਟਰਪਤੀ ਟਰੰਪ ਸਾਹਬ ਦੂਜੀ ਵਾਰ ਰਾਜ ਭਾਗ ਸੰਭਾਲ਼ਦਿਆਂ ਹੀ ਇਕ ਤਰਾਂ ਨਾਲ਼ 'ਪ੍ਰਵਾਸੀ ਮੁਕਤ ਅਮਰੀਕਾ' ਬਣਾਉਣ ਵੱਲ ਵਧ ਰਹੇ ਜਾਪਦੇ ਹਨ।ਅਮਰੀਕਨ ਇਮੀਗ੍ਰੇਸ਼ਨ ਦੇ 'ਸਫਾਈ ਮਿਸ਼ਨ' ਦੀ ਮਾਰ ਤਾਂ ਭਾਵੇਂ ਇੱਥੇ ਰਹਿੰਦੇ ਹੋਰ ਦੇਸਾਂ ਦੇ ਲੋਕ ਵੀ ਸਹਿ ਰਹੇ ਹਨ ਪਰ ਅਸੀਂ ਪੰਜਾਬੀ ਲੋਕ ਕੁੱਝ ਜਿਆਦਾ ਹੀ ਤਕਲੀਫ ਮਨਾ ਰਹੇ ਹਾਂ ! ਪੰਜਾਬੀਆਂ ਵਿਚ ਵੀ ਖਾਸ ਕਰਕੇ 'ਸਿੰਘ' ਅਤੇ 'ਕੌਰ' ਉੱਪ-ਨਾਮ ਵਾਲੇ ਭੈਣ ਭਾਈ,ਟਰੰਪ ਉੱਤੇ ਕੁੱਝ ਜਿਆਦਾ ਹੀ ਹਿਰਖੇ ਹੋਏ ਹਨ ਕਿ ਉਹ ਸਾਡੇ ਉੱਤੇ ਬਹੁਤ ਸਖਤ ਸ਼ਰਤਾਂ ਲਾ ਰਿਹਾ ਹੈ।ਅਮਰੀਕਨ ਪ੍ਰਸ਼ਾਸਨ ਵਲੋਂ ਲਾਈਆਂ ਜਾ ਰਹੀਆਂ ਇਨ੍ਹਾਂ ਸ਼ਰਤਾਂ ਵਿਚੋਂ ਸਭ ਤੋਂ ਔਖੀ ਸ਼ਾਇਦ ਅੰਗਰੇਜ਼ੀ ਭਾਸ਼ਾ ਲਾਜ਼ਮੀਂ ਸਿੱਖਣ ਦੀ ਹੀ ਲਗਦੀ ਹੈ।ਇਸ ਸ਼ਰਤ ਤੋਂ 'ਔਖੇ-ਭਾਰੇ' ਹੋਏ ਪਏ,ਇੱਥੇ 'ਤੀਰ ਤੁੱਕੇ' ਲਾ ਕੇ ਡਾਲਰ ਕਮਾਉਂਦੇ ਕਈ ਪੰਜਾਬੀ ਸੱਜਣ ਨਹੀਂ ਜਾਣਦੇ ਕਿ ਪ੍ਰਸ਼ਾਸਨ ਵਲੋਂ ਵਿਦੇਸ਼ੀਆਂ @ਤੇ ਸਥਾਨਕ ਬੋਲੀ ਸਿੱਖਣ ਵਾਲ਼ੀ ਲਾਜ਼ਮੀਂ ਸ਼ਰਤ ਲਾਉਣੀ ਕੋਈ ਜੱਗੋ ਤੇਰ੍ਹਵੀਂ ਗੱਲ ਨਹੀਂ ਹੈ !


ਆਪਣੇ ਇਤਹਾਸ ਤੋਂ ਨਾਵਾਕਿਫ ਪੰਜਾਬੀ ਨਹੀਂ ਜਾਣਦੇ ਕਿ ਕਦੇ ਸਾਡੇ ਮਹਾਰਾਜੇ ਨੇ ਵੀ ਪੰਜਾਬ @ਚ ਰੁਜ਼ਗਾਰ ਖਾਤਰ ਆਏ ਵਿਦੇਸ਼ੀਆਂ ਉੱਤੇ ਸਖਤ ਸ਼ਰਤਾਂ ਲਾਈਆਂ ਸਨ।ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਵੀ ਇਟਲੀ,ਫਰਾਂਸ,ਜਰਮਨ ਵਰਗੇ ਦੇਸ਼ਾਂ ਤੋਂ ਪੰਜਾਬ ਪਹੁੰਚ ਕੇ ਰੁਜ਼ਗਾਰ ਮੰਗਣ ਵਾਲ਼ੇ ਵਿਦੇਸ਼ੀਆਂ @ਤੇ ਪਹਿਲਾਂ ਪੰਜਾਬੀ ਸਿੱਖਣ ਦੀ ਜਰੂਰੀ ਸ਼ਰਤ ਲਾਈ ਸੀ !

ਨੈਪੋਲੀਅਨ ਬੋਨਾਪਾਰਟ ਦੀ ਫੌਜ ਵਿਚ ਲੈਫਟੀਨੈਂਟ ਰਹੇ ਇਟਾਲੀਅਨ ਜਨਰਲ ਵੈਨਤੂਰਾ ਨੇ ਮਹਾਰਾਜੇ ਦੀ ਖਾਲਸਾ ਫੌਜ ਵਿਚ ਨੌਕਰੀ ਕਰਨ ਵੇਲੇ ਪੰਜਾਬੀ ਸਿੱਖ ਲਈ ਸੀ।

ਇਹ ਗੱਲ ਵੱਖਰੀ ਹੈ ਕਿ ਹੁਣ ਅਸੀਂ ਅਰਸ਼ੋਂ ਫਰਸ਼ 'ਤੇ ਡਿਗੇ ਹੋਏ ਪੰਜਾਬ ਦੇ ਵਾਸੀ 'ਆਪਣਾ ਦੇਸ ਤਿਆਗ ਕੇ ਵੱਖ ਵੱਖ ਮੁਲਕਾਂ 'ਚ ਰੁਜ਼ਗਾਰ ਖਾਤਰ ਦਰ ਦਰ ਫਿਰ ਰਹੇ ਹਾਂ-

'ਜਿਨ ਜ਼ਮੀਨੋਂ ਕੇ ਕਬਾਲੇ(ਪਟੇ) थे ਮਿਰੇ ਪੁਰਖੋਂ ਕੇ ਨਾਮ
ਉਨ ਜ਼ਮੀਨੋਂ ਪਰ ਮੇਰੇ ਜੀਨੇ ਕੇ ਲਾਲੇ ਪੜ ਗਏ।'
(ਰਾਹਤ ਇੰਦੌਰੀ)

ਪਰ ਕਦੇ ਉਹ ਵੀ ਦਿਨ ਸਨ ਜਦ ਇਟਲੀ,ਫਰਾਂਸ,ਜਰਮਨ ਤੋਂ ਇਲਾਵਾ ਫਿਰੰਗੀ,ਸਕਾਚ,ਹੰਗੇਰੀਅਨ, ਆਇਰਸ਼,ਰੂਸੀ,ਗ੍ਰੀਕ, ਸਪੈਨਿਸ਼,ਪੁਰਤਗਾਲੀ, ਪ੍ਰੀਸ਼ੀਅਨ,ਆਸਟਰੀਅਨ ਅਤੇ ਅਮਰੀਕਨ ਲੋਕ ਵੀ ਸਾਡੇ ਪੰਜਾਬ ਵਿਚ ਨੌਕਰੀ ਕਰਨ ਆਉਂਦੇ ਸਨ !ਇਨ੍ਹਾਂ ਵਿਚੋਂ ਬਹੁਤੇ ਵਿਦੇਸ਼ੀ ਪੰਜਾਬ ਦੀ ਸੋਭਾ ਸੁਣਕੇ ਇਰਾਨ ਇਰਾਕ ਅਤੇ ਕਾਬਲ ਕੰਧਾਰ ਦੇ ਖੁਸ਼ਕ ਰਸਤੇ ਗਾਹੁੰਦੇ ਹੋਏ ਪੰਜਾਬ ਆਉਂਦੇ ਸਨ ਅਤੇ ਕਈ ਸਮੁੰਦਰੀ ਸਫਰ ਕਰਕੇ ਕਲਕੱਤਾ ਬੰਬਈ ਦਿੱਲੀ ਤੋਂ ਹੁੰਦੇ ਹੋਏ ਪੰਜ ਦਰਿਆਵਾਂ ਦੀ ਧਰਤੀ 'ਤੇ ਪਹੁੰਚਦੇ ਸਨ।ਦਿੱਲੀ ਵਲੋਂ ਪੰਜਾਬ ਆਉਣ ਵਾਲ਼ਿਆਂ ਨੂੰ ਭਾਰਤ ਦੀ ਤਤਕਾਲੀ ਅੰਗਰੇਜ਼ ਹਕੂਮਤ ਪਾਸੋਂ 'ਰਾਹਦਾਰੀ' ਲੈਣੀ ਪੈਂਦੀ ਸੀ !ਅਜਿਹੀ ਰਾਹਦਾਰੀ ਦਾ ਇਕ ਵਚਿੱਤਰ ਵਾਕਿਆ-ਡੀਲਾਫੌਂਟ ਨਾਂ ਦੇ ਇਕ ਫਰਾਂਸੀਸੀ ਸੱਜਣ ਨੇ ਸਮੁੰਦਰੀ ਰਸਤੇ ਭਾਰਤ ਪਹੁੰਚ ਕੇ ਅੰਗਰੇਜ਼ ਹਕੂਮਤ ਤੋਂ ਪੰਜਾਬ ਜਾਣ ਲਈ ਰਾਹਦਾਰੀ ਮੰਗੀ।ਅੰਗਰੇਜ਼ ਅਧਿਕਾਰੀਆਂ ਨੇ ਉਸਦੀ ਅਰਜੀ ਇਹ ਕਹਿਕੇ ਵਾਪਸ ਮੋੜ ਦਿੱਤੀ ਕਿ ਇਸ ਵਿਚ ਪੂਰੀ ਜਾਣਕਾਰੀ ਨਹੀਂ ਦਿੱਤੀ ਹੋਈ ਕਿ ਡੀਲਾਫੌਂਟ ਕਿਸ ਮਕਸਦ ਲਈ ਪੰਜਾਬ ਜਾ ਰਿਹਾ ਹੈ ? ਦੂਜੀ ਵਾਰ ਅਰਜੀ ਦੇਣ ਦੀ ਬਜਾਏ ਇਹ ਸੱਜਣ ਕਹਿਣ ਲੱਗਾ ਕਿ ਮੈਂ ਖੁਦਮੁਖਤਿਆਰ ਖਾਲਸਾ ਰਾਜ ਵਿਚ ਜਾ ਰਿਹਾ ਹਾਂ,ਜੋ ਕਿਸੇ ਹੋਰ ਸਟੇਟ ਦੇ ਅਧੀਨ ਨਹੀਂ ਹੈ।ਸੋ ਮੈਨੂੰ ਕਿਸੇ ਦੀ ਮੰਨਜੂਰੀ ਦੀ ਲੋੜ ਨਹੀਂ !ਉਹ ਚੁਪ ਚੁਪੀਤਾ ਹੀ ਪੰਜਾਬ ਆ ਗਿਆ ! ਪਤਾ ਲੱਗਣ 'ਤੇ ਲੁਧਿਆਣੇ ਬੈਠੇ ਅੰਗਰੇਜ਼ ਅਧਿਕਾਰੀ ਨੇ ਮਹਾਰਾਜੇ ਨੂੰ ਇਹਦੇ ਖਿਲਾਫ ਖ਼ਤ ਲਿਖਿਆ ਕਿ ਭਾਰਤ 'ਚੋਂ ਗੈਰ-ਕਾਨੂੰਨੀ ਤਰੀਕੇ ਪੰਜਾਬ ਗਏ ਡੀਲਾਫੌਂਟ ਨੂੰ ਨੌਕਰੀ @ਤੇ ਨਾ ਰਖਿਆ ਜਾਵੇ।ਪਰ ਮਹਾਰਾਜੇ ਨੇ ਅੰਗਰੇਜ਼ਾਂ ਦੀ ਚਿੱਠੀ ਅਣਗੌਲ਼ਿਆ ਕਰ ਦਿੱਤੀ ! ਫਰਾਂਸੀਸੀ ਡੀਲਾਫੌਂਟ ਅਤੇ ਹੋਰ ਵਿਦੇਸ਼ੀ ਕਾਮਿਆਂ ਉੱਤੇ ਸ਼ੇਰੇ ਪੰਜਾਬ ਜੋ ਸਖਤ ਸ਼ਰਤਾਂ ਲਾਉਂਦਾ ਹੁੰਦਾ ਸੀ,ਉਨ੍ਹਾਂ ਵਿਚੋਂ ਕੁੱਝ ਖਾਸ-




ਜਰਨੈਲ ਵੈਨਤੂਰਾ

1.ਖਾਲਸਾ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਨੌਕਰੀ ਨਹੀਂ ਛੱਡ ਸਕੋਗੇ।
2.ਦਾਹੜਾ ਸੁੱਚਾ(ਬਿਨਾਂ ਕਟਿੰਗ)ਰੱਖਣਾ ਹੋਵੇਗਾ।
3.ਗਊ-ਮਾਸ ਵਰਤਣ ਦੀ ਮਨਾਹੀ ਹੋਵੇਗੀ।
4.ਤਮਾਕੂ ਦੀ ਵਰਤੋਂ ਦਾ ਤਿਆਗ
5.ਪੰਜਾਬੀ ਲਾਜ਼ਮੀ ਸਿੱਖਣੀ ਹੋਵੇਗੀ।


ਜਨਰਲ ਵੈਨਤੂਰਾ ਅਤੇ ਉਹਦੇ ਨਾਲ ਆਏ ਐਲਾਰਡ ਨੇ ਇਨ੍ਹਾਂ ਲਿਖਤੀ ਸ਼ਰਤਾਂ ਦੀ ਪ੍ਰਵਾਨਗੀ ਵਜੋਂ ਦਸਤਖਤ ਕਰ ਦਿੱਤੇ।ਮਿਸਟਰ ਐਲਾਰਡ ਚੇਨ-ਸਮੋਕਰ ਸੀ,ਇਸ ਲਈ ਉਸਨੇ 'ਤਮਾਕੂ ਤਿਆਗ' ਤੋਂ ਕੁਝ ਸਮੇਂ ਲਈ ਛੋਟ ਮੰਗੀ ਪਰ ਮਹਾਰਾਜੇ ਨੇ ਛੋਟ ਦੇਣੋ ਇਨਕਾਰ ਕਰ ਦਿੱਤਾ ਸੀ !

'ਅਪਨੇ ਪੁਰਖੋਂ ਕੀ ਵਿਰਾਸਤ ਕੋ ਸੰਭਾਲੋ ਵਰਨਾ
ਅਬ ਕੇ ਬਾਰਿਸ਼ ਮੇਂ ਯੇ ਦੀਵਾਰ ਭੀ ਢਹ ਜਾਏ ਗੀ।'-
(ਮੰਜ਼ਰ ਭੋਪਾਲੀ)

# ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਨੇ ਆਪਣੀ ਹਵਾਲਗੀ ਰੋਕਣ ਲਈ ਮੁੜ ਅਰਜ਼ੀ ਦਾਖਿਲ ਕੀਤੀ



ਨਵੀਂ ਦਿੱਲੀ(ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਤੋਂ ਭਗੌੜਾ ਹੀਰਾ ਕਾਰੋਬਾਰੀ ਨੀਰਵ ਮੋਦੀ ਮੁੜ ਭਾਰਤ ਨਹੀਂ ਆਉਣਾ ਚਾਹੁੰਦਾ, ਇਸ ਲਈ ਉਸ ਨੇ ਆਪਣੀ ਹਵਾਲਗੀ ਖ਼ਿਲਾਫ਼ ਯੂਕੇ ਹਾਈ ਕੋਰਟ ਵਿੱਚ ਮੁੜ ਅਰਜ਼ੀ ਦਾਇਰ ਕੀਤੀ ਹੈ ਅਤੇ ਅਦਾਲਤ ਨੇ ਇਸ ਮਾਮਲੇ 'ਤੇ ਸੁਣਵਾਈ ਮਾਰਚ 2026 ਤੱਕ ਮੁਲਤਵੀ ਕਰ ਦਿੱਤੀ ਹੈ। ਭਾਰਤ ਦੀ ਈਡੀ ਤੇ ਸੀਬੀਆਈ ਦੀ ਟੀਮ ਇਸ ਵੇਲੇ ਲੰਡਨ ਵਿੱਚ ਮੌਜੂਦ ਹੈ। ਉਹ ਨੀਰਵ ਦੀ ਅਪੀਲ ਦਾ ਵਿਰੋਧ ਕਰ ਰਹੇ ਹਨ। ਨੀਰਵ ਨੂੰ ਭਾਰਤ ਵਿੱਚ ਭਗੌੜਾ ਆਰਥਿਕ ਅਪਰਾਧੀ ਐਲਾਨਿਆ ਗਿਆ ਹੈ। ਨੀਰਵ ਉੱਪਰ 6498 ਕਰੋੜ ਤੋਂ ਜ਼ਿਆਦਾ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਹੈ। ਬਰਤਾਨੀਆ ਦੀ ਇੱਕ ਅਦਾਲਤ ਪਹਿਲਾਂ ਹੀ ਭਾਰਤ ਸਰਕਾਰ ਦੀ ਹਵਾਲਗੀ ਦੀ ਮੰਗ 'ਤੇ ਭਾਰਤ ਦੇ ਹੱਕ ਵਿੱਚ ਫੈਸਲਾ ਦੇ ਚੁੱਕੀ ਹੈ। ਬੀਤੇ ਛੇ ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਬੰਦ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਨੇ ਬਰਤਾਨੀਆ ਦੀ ਅਦਾਲਤ ਨੂੰ ਦੱਸਿਆ ਸੀ ਕਿ ਲੰਡਨ ਵਿੱਚ ਧੋਖਾਧੜੀ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ 'ਤੇ ਉਸ ਦੀ ਭਾਰਤੀ ਨੂੰ ਹਵਾਲਗੀ ਸਬੰਧੀ ਮਾਮਲੇ ਦੀ ਸੁਣਵਾਈ ਦੁਬਾਰਾ ਸ਼ੁਰੂ ਹੋਵੇਗੀ ਤਾਂ ਇਸ ਵਿੱਚ ਸਨਸਨੀਖੇਜ਼ ਖੁਲਾਸੇ ਹੋਣਗੇ।



# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿੱਚ ਸਰਕਾਰੀ ਨੌਕਰੀ ਕਰਦੇ ਲੜਕੇ, ਜਿਸ ਕੋਲ ਆਪਣਾ ਘਰ ਵੀ ਹੈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਜਨਮ 1996,ਕੱਦ 6 ਫੁੱਟ ਵਿਦਿਅਕ ਯੋਗਤਾ: Bachelor of Computer Application from Khalsa University Amritsar. Post Graduation from Canada. Professional: Working as a Software Developer with Alberta Government, earning six figure salary, Own house. Open to relocate. WhatsApp : +91 99141 33698 ***287 ***,

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1991,ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਪਲੱਸ 2,ਆਈ ਟੀ ਆਈ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਕੇਸ ਬਿਨਾ ਬੱਚੇ ਤੋਂ ਵੀ ਸੰਪਰਕ ਕਰ ਸਕਦੇ ਹਨ। ਕਾਲ ਇੰਡੀਆ ਦੇ ਸਮੇਂ ਅਨਸਾਰ ਹੀ ਕੀਤੀ ਜਾਵੇ। ਵਟਸਐਪ: 91 9876504844 ***287 ***,, ,

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1997 , ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***287 ***,

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਜ਼ੈਲਦਾਰ,ਖੂਬੜ ਪਰਿਵਾਰ ਦੇ ਲੜਕੇ ਜਨਮ 1997, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਹੋਟਲ ਮੈਨੇਜਮੈਂਟ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਰੈਸਟੋਰੈਂਟ ਅਤੇ ਮਾਰਗੇਜ ਦਾ ਕਾਰੋਬਾਰ ਹੈ।

ਸੰਪਰਕ: 1 519 572 7598 ਜਾਂ +91 9416020778***287 ***,

### ਲੜਕੀ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 6 ਫੁੱਟ,ਆਪਣੀ ਕੰਸਟਰਸ਼ਨ ਕੰਪਨੀ,ਸੈਟਲ ਲੜਕੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਜਾਂ ਟੈਕਸਟ ਮੈਸੇਜ : 1587 892 5274 ***286***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਵਿਧਵਾ ਦੋ ਬੱਚਿਆਂ ਦੀ ਮਾਂ,ਉਮਰ 37 ਸਾਲ ,ਕੱਦ 5 ਫੁੱਟ 4 ਇੰਚ, ਐਮ ਐੱਸ ਸੀ ਫੈਸ਼ਨ ਡਿਜਾਈਨਿੰਗ,ਚਾਈਲਡਹੁੱਡ ਸਰਟੀਫਿਕੇਸ਼ਨ ਲੈਵਲ 3,ਲਈ ਹਾਣ ਪ੍ਰਵਾਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਉਮਰ 30 ਤੋਂ 39 ਵਿਚਕਾਰ, ਕੱਦ 5 ਫੁੱਟ 9 ਇੰਚ ਜਾਂ ਇਸ ਤੋਂ ਉਪਰ ਅਤੇ ਉਹ ਕੈਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਨੋ ਕਾਸਟ ਬਾਰ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 581 7650 ਜਾਂ +1 (825) 288 5538 ਈ ਮੇਲ: Divjot7650@gmail.com ***286***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

### ਲੜਕੇ ਦੀ ਲੋੜ

ਕੈਨੇਡਾ ਵਿਜ਼ਿਟਰ ਵੀਜ਼ਾ ਉੱਪਰ ਆਈ ਦਰਜ਼ੀ ਸਿੱਖ (ਛੀਂਬਾ) ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 39 ਸਾਲ,ਕੱਦ 5 ਫੁੱਟ 5 ਇੰਚ ਵਿੱਦਿਅਕ ਯੋਗਤਾ: ਐਮ ਏ ਬੀ ਐੱਡ, ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲ ਹੈ । ਜਾਤ ਪਾਤ ਦਾ ਕੋਈ ਬੰਧਨ ਨਹੀਂ ਸੰਪਰਕ:587 891 8712 ਜਾਂ 587 889 4550 ***285***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਮਲੇਰਕੋਟਲਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਗਰੇਵਾਲ ਪਰਿਵਾਰ ਦੇ ਇਕਲੌਤੇ ਬੇਟੇ ਜਨਮ 1992,ਕੱਦ 6 ਫੁੱਟ 2 ਇੰਚ, ਐਮ ਏ ਇੰਗਲਿਸ਼ ਲਈ ਯੂ ਐਸ ਏ / ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1778 321 2961 *** 284***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਕਪੂਰਥਲਾ ਪਿਛੋਕੜ,ਰਾਮਗੜੀਆ ਪਰਿਵਾਰ ਦੇ ਲੜਕੇ,ਜਨਮ 1992,ਕੱਦ 5 ਫੁੱਟ 9 ਇੰਚ, ਬੀ ਟੈੱਕ ਸਿਵਲ ਇੰਜੀਨੀਅਰਿੰਗ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਵਿੱਚ ਪਰਿਵਾਰ ਦੀ ਆਪਣੀ ਸ਼ਾਅ ਮਿੱਲ ਹੈ ਅਤੇ ਲੜਕੇ ਦਾ ਵੱਡਾ ਭਰਾ ਕਨੇਡਾ ਆਪਣੇ ਪਰਿਵਾਰ ਨਾਲ ਸੈੱਟਲ ਹੈ। ਸੰਪਰਕ: 1 647 739 5891 *** 284***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 284*Roop**

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਚਾਹੇ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ :gursewakgill94@yahoo.com *** 284***

### ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜਾ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 2 ਇੰਚ, ਕਮਿਊਨਿਟੀ ਕੌਸਮੈਟਓਲਿਜੀ ਡਿਪਲੋਮਾ ਹੋਲਡਰ, ਬਿਊਟੀਸਨ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਪੀ ਆਰ ਦੀ ਫਾਈਲ ਲੱਗੀ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 204 970 0666*** 284***F***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਕਨੇਡਾ ਦੀਆਂ ਪੀ ਆਰ ਲੜਕੀਆਂ ਦੇ ਇਕਲੌਤੇ ਭਰਾ ਜਨਮ 1999, ਕੱਦ 5 ਫੁੱਟ 4 ਇੰਚ,ਨਸ਼ਿਆਂ ਤੋ ਰਹਿਤ,ਸਰਦਾਰ , ਵਿਦਿਆ ਯੋਗਤਾ ਆਈ ਟੀ,ਗਰਾਫਿਕ ਡੀਜਾਇਨਰ,ਲਈ ਕਨੇਡੀਅਨ ਪੀ ਆਰ ਲ਼ੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ। ਸੰਪਰਕ : 416-300-3204 ਜਾਂ ਇੰਡੀਆ 9814320452 *** 284***F***

### ਲੜਕੇ ਦੀ ਲੋੜ

ਜੱਟ ਸਿੱਖ ਸਰਾਂ ਪਰਿਵਾਰ ਦੀ ਲੜਕੀ ਜਨਮ 1993,ਕੱਦ 5 ਫੁੱਟ 2 ਇੰਚ, ਸਟੱਡੀ: ਐਚ ਆਰ ਮੈਨੇਜਮੈਂਟ,ਬੀ ਐਸ ਸੀ ਐਗਰੀਕਲਚਰਲ (ਇੰਡੀਆ) ਪ੍ਰੋਸੈਸਿੰਗ ਪੀ ਆਰ ਕੇਸ ਲਈ 30-35 ਸਾਲ ਉਮਰ ਦੇ ਅੰਮ੍ਰਿਤਧਾਰੀ, ਚੰਗੇ ਪੜ੍ਹੇਲਿਖੇ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਜਾਂ ਯੂ ਐਸ ਏ ਦਾ ਪੀ ਆਰ ਹੋਵੇ। ਪਰ ਚੰਗੀ ਯੋਗਤਾ ਵਾਲਾ ਵਿਜਟਿਰ ਜਾਂ ਵਰਕ ਪਰਮਿਟ ਵੇਲੱ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 431 777 4666 ਜਾਂ 1 705 314 2000 *** 284***F***

### ਜੀਵਨ ਸਾਥੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 51 ਸਾਲ, ਕੱਦ 5 ਫੁੱਟ 4 ਇੰਚ, ਦਸਵੀਂ ਪਾਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੇ ਰਿਸ਼ਤੇ ਦੀ ਲੋੜ ਹੈ। ਬੱਚਿਆਂ ਸਮੇਤ ਤਲਾਕਸੁਦਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 473 4659 ***282***

### ਲੜਕੀ ਦੀ ਲੋੜ

ਨਵੀਂ ਦਿੱਲੀ ਇੰਡੀਆ ਵਿਖੇ ਰਹਿ ਰਹੀ ਜੱਟ ਸਿੱਖ ਗਿੱਲ ਪਰਿਵਾਰ ਦੀ ਪਤਲੀ, ਸੋਹਣੀ ਸੁਨੱਖੀ, ਪਰਿਵਾਰਕ ਕਦਰਾਂ ਕੀਮਤਾਂ ਜਾਣਦੀ,ਮਾਡਰਨ ਦਿੱਖ ਵਾਲੀ ਅਣਮੈਰਿਡ ਲੜਕੀ, ਉਮਰ 36 ਸਾਲ, ਕੱਦ 5 ਫੁੱਟ 5 ਇੰਚ, ਬੀ ਏ (ਇਕਨੌਮਿਕਸ ਅਤੇ ਸ਼ੋਸਾਇਲੋਜੀ ) ਕਾਨਪੁਰ ਯੂਨੀਵਰਿਸਟੀ, ਅਤੇ ਫਾਇਨਾਂਸ ਕੰਪਨੀ ਵਿੱਚ ਸਹਾਇਕ ਵਾਈਸ ਪ੍ਰੈਜ਼ੀਡੈਂਟ ,ਐਡਮਿਨ ਐਂਡ ਇਨਵੈਸਟਰ ਰਿਲੇਸ਼ਨਸ਼ਿੱਪ ਦੀ ਜੌਬ ਕਰਦੀ ਲਈ, ਚੰਗੇ ਪੜ੍ਹੇ ਲਿਖੇ ਚੰਗੇ ਆਚਰਣ ਅਤੇ ਚੰਗੇ ਲਾਈਫਸਟਾਈਲ ਵਾਲੇ ਕਨੇਡੀਅਨ ਪੀ ਆਰ, ਸਿਟੀਜਨ ਜਾਂ ਕਿਸੇ ਵੀ ਹੋਰ ਮੁਲਕ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਵੱਟਸਐਪ : 91 7704033627 ਜਾਂ +1 (403) 808-2016 **282**

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਚਾਹਲ ,ਜਨਮ 2000, ਕੱਦ 5 ਫੁੱਟ 11 ਇੰਚ , ਕੈਲਗਰੀ ਵਿੱਚ ਰੀਅਲ ਐਸਟੇਟ ਮੀਡੀਆ ਕੰਪਨੀ ਚਲਾ ਰਹੇ ਲੜਕੇ ਵਾਸਤੇ ਯੋਗ ਜੱਟ ਸਿੱਖ ਕੰਨਿਆ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਹੈ। ਸੰਪਰਕ: 403 991 9791***282***

### ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ 1 780 300 2000 (ਵਟਸਐਪ): 9583592000

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 1997,ਕੱਦ 5 ਫੁੱਟ 10 ਇੰਚ, ਇਲੈਕਟਰੋਨਿਕ ਇੰਜੀਨੀਅਰ ਡਿਪਲੋਮਾ ਹੋਲਡਰ, ਰੈਡ ਸੀਲ, ਜਰਨੀਮੈਨ ਹੈਵੀ ਡਿਊਟੀ ਮਕੈਨਿਕ ਦੀ ਜੌਬ ਕਰਦੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਇੱਕ ਭੈਣ ਕਨੇਡੀਅਨ ਸਿਟੀਜਨ ਹੈ। ਸੰਪਰਕ: ਵਟਸਐਪ :+ 91 8544819749 ***287 ***,

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ਼ ਵਟਸਐਪ :+ 91 8544819749 ***287 ***

### Name Change

I Sarabjit Kaur Daughter of Saghar Singh, holder of Indian passport No-V3086086,Issued at Vancouver Canada on 15/12/2021, permanent address of VPO: Bhagsar, Teh: Malout, Dist: Muktsar, Postal code 152033,Punjab India and Presently residing at 17118 Centre St NE Calgary, Alberta Canada T3P0S4 do hereby change my name from Sarabjit Kaur to Sarabjit Kaur Brar, with Immediate effect.


## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba @403-975-0128**



"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

# ਕਲਮੀ ਸੱਥ

## ਕਿਉਂ

ਜਿਉਂਦੇ ਰਹਿਣਾ ਇੱਕ ਆਦਤ ਕਿਉਂ ਹੈ
ਸਾਹ ਲੈਣਾ ਇੱਕ ਮਜਬੂਰੀ ਕਿਉਂ ਹੈ
ਦਿਲਾਂ ਚ ਅਥਾਹ ਪਿਆਰ ਹੈ
ਫਿਰ ਸੁਭਾਅ ਚ ਮਗਰੂਰੀ ਕਿਉਂ ਹੈ
ਜਦੋਂ ਪਤਾ ਹੋਵੇ ਸਾਹਮਣੇਓ ਕਿਸੇ ਨੀ ਆਉਣਾ
ਫਿਰ ਅੱਖਾਂ ਚ ਉਮੀਦ ਦੀ ਮਜਬੂਰੀ ਕਿਉਂ ਹੈ
ਇੱਕ ਕਰਮ ਹੈ ਜੋ ਫਰਜ ਹੈ ਜਾਂ ਕਰਜ ਹੈ
ਇਹ ਕਰਜ ਚੁਕਾਉਣਾ ਜਰੂਰੀ ਕਿਉਂ ਹੈ
ਜੇ ਸੱਚ ਬੋਲਣ ਤੇ ਮਿਲਣੀ ਹੀ ਸਜ਼ਾ ਹੈ
ਫਿਰ ਝੂਠ ਬੋਲਣਾ ਗੈਰ ਜਰੂਰੀ ਕਿਉਂ ਹੈ
ਹਰ ਧਰਮ ਆਦਮੀ ਨੂੰ ਇਨਸਾਨ ਬਣਾਉਂਦਾ ਹੈ
ਫਿਰ ਧਰਮੀਆ ਤੇ ਇਨਸਾਨਾਂ ਚ ਦੂਰੀ ਕਿਉਂ ਹੈ
ਮੇਰੇ ਆਪਣਿਓ ਤੁਸੀਂ ਤਾਂ ਸਮਝੋ ਮੈਨੂੰ
ਤੁਹਾਡੇ ਮੱਥੇ ਤੇ ਘੂਰੀ ਕਿਉਂ ਹੈ।

************************************************************************************************

## ਕੀ ਹੋਇਆ

ਕੀ ਹੋਇਆ ਜੇ ਤੂੰ ਨਾ ਮਿਲਿਆ ਦੋਸਤਾ
ਜਿਉਣ ਲਈ ਤੇਰੀ ਯਾਦ ਦਾ ਸਹਾਰਾ ਬਹੁਤ ਹੈ
ਨਹੀਂ ਲੋੜ ਕਿਸੇ ਵਾਅਦੇ ਜਾਂ ਦਾਅਵੇ ਦੀ
ਯਕੀਨ ਕਰਨ ਲਈ ਤਾਂ ਇਸ਼ਾਰਾ ਹੀ ਬਹੁਤ ਹੈ
ਨਹੀਂ ਡੁੱਬਦੇ ਉਹ ਜੋ ਖੇਡਣ ਲਹਿਰਾਂ ਦੇ ਨਾਲ
ਬੁਝਦਿਲ ਦੇ ਡੁੱਬਣ ਲਈ ਤਾਂ ਕਿਨਾਰਾ ਹੀ ਬਹੁਤ ਹੈ
ਦੁਨੀਆ ਮਨਾਉਂਦੀ ਹੈ ਤਾਂ ਮਨਾਵੇ ਰੌਸ਼ਨੀਆ ਦਾ ਦਿਨ
ਸਾਡੇ ਬਨੇਰੇ ਵੀ ਬਲੇ ਭਾਵੇਂ ਇੱਕ ਹੀ ਦੀਵਾ ਬਹੁਤ ਹੈ
ਜਰੂਰੀ ਨਹੀਂ ਕਿ ਬਰਸਾਤ ਹੀ ਹੋਵੇ
ਰਹੇ ਕੁਝ ਦਿਨ ਤਾਂ ਕਾਲੀ ਘਟਾ ਵੀ ਬਹੁਤ ਹੈ।

-----------------

## ਭਾਈ ਮਰਦਾਨਾ

ਫੇਰ ਮਿਲੇ ਤਾਂ ਪਛਾਣ ਲਈ ਬਾਬਾ
ਵਕਤ ਅਖੀਰੀ ਬਾਬੇ ਨੂੰ ਕਿਹਾ ਮਰਦਾਨੇ ਨੇ
ਉਹ ਨਗਰ ਬੜਾ ਦੂਰ ਹੈ ਕਹਿੰਦੇ
ਸੰਗੇ ਸਾਥੀ ਨਾਲ ਨਹੀਂ ਰਹਿੰਦੇ
ਉਸ ਨਗਰ ਦੀਆਂ ਡੂੰਘੀਆਂ ਖਾਈਆਂ ਉੱਚੀਆਂ ਕੰਧਾਂ
ਕਿਵੇਂ ਪਾਣਾ ਪਾਰ ਦੀਵਾਨੇ ਨੇ
ਫੇਰ ਮਿਲੇ ਤਾਂ ਪਛਾਣ ਲਈ ਬਾਬਾ........
ਉਸ ਨਗਰੀ ਵੱਲ ਜੋ ਵੀ ਜਾਵੇ
ਫੇਰ ਉਸਦੀ ਸੁੱਖ ਸਾਂਦ ਨਾ ਆਵੇ
ਕੀ ਕੁਝ ਬੀਤੀ ਉਥੇ ਕੌਣ ਸੁਣਾਵੇ
ਲੋਕੀ ਤਾਂ ਸਭ ਅਣਜਾਣੇ ਨੇ
ਫੇਰ ਮਿਲੇ ਤਾਂ ਪਛਾਣ ਲਈ ਬਾਬਾ........
ਹਰ ਔਕੜ ਦੂਰ ਉਹ ਕਰ ਦਏ
ਜਦੋਂ ਬਾਬਾ ਹੱਥ ਸਿਰ ਤੇ ਧਰ ਦਏ
ਸਾਰੇ ਰਾਹ ਪਧਰੇ ਕਰ ਦਏ
ਜਾ ਬਹਿਸਤੀ ਬਹਿਣਾ ਮਸਤਾਨੇ ਨੇ
ਫਿਰ ਮਿਲੇ ਤਾਂ ਪਛਾਣ ਲਈ ਬਾਬਾ
ਵਕਤ ਅਖੀਰੀ ਬਾਬੇ ਨੂੰ ਕਿਹਾ ਮਰਦਾਨੇ ਨੇ।



ਸਤਵਿੰਦਰ ਸਿੰਘ ਚੀਮਾ
ਕੈਲਗਰੀ ਕੈਨੇਡਾ
825-964-1612
+91 (8427466815)

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ



ਵਰਖਾ ਦਾ ਪਾਣੀ ਹੜ ਵਾਂਗ ਆ ਗਿਆ ਬਣਿਆ ਜੋ ਰੋੜਾ ਸੀ।
ਸਰਸਾ ਨਦੀ ਨੂੰ ਜਦੋਂ ਪਾਰ ਕਰਿਆ ਤਾਂ ਪੈ ਗਿਆ ਵਿਛੋੜਾ ਸੀ।
ਕੀ ਕੀ ਬੀਤੀ ਪਾਤਿਸ਼ਾਹ ਦੇ ਪਰਿਵਾਰ ॥ਤੇ ਮੈਂ ਸੁਣਾਵਾਂ ਹਾਲ ਜੀ।
ਪਾ ਗਏ ਸ਼ਹੀਦੀ ਡਰੇ ਨਹੀਂ ਸੂਬੇ ਤੋਂ ਗੁਰੂ ਜੀ ਦੇ ਲਾਲ ਜੀ---

ਵੱਡੇ ਸਾਹਿਬਜ਼ਾਦੇ, ਫੌਜਾਂ ਨਾਲ ਗੁਰੂ ਦੇ ਕਰ ਗਈਆਂ ਪਾਰ ਜੀ।
ਪਰ ਛੋਟੇ ਸਾਹਿਬਜ਼ਾਦੇ ਤੇ ਮਾਂ ਗੁਜਰੀ ਰਹਿ ਗਏ ਵਿਚਕਾਰ ਜੀ।
ਵਿੱਚ ਮਜਬੂਰੀ ਉਹਨਾਂ ਕੀਤਾ ਫੈਸਲਾ ਤੁਰੇ ਗੰਗੂ ਨਾਲ ਜੀ।
ਪਾ ਗਏ ਸ਼ਹੀਦੀ ਡਰੇ ਨਹੀਂ ਸੂਬੇ ਤੋਂ ਗੁਰੂ ਜੀ ਦੇ ਲਾਲ ਜੀ---

ਗੁਜਰੀ ਮਾਂ ਕਿਹਾ ਗੱਲ ਸੁਣ ਗੰਗੂਆ ਕਹਿਰ ਨਾ ਕਮਾਈ ਤੂੰ।
ਦੌਲਤ ਤੇ ਮੋਹਰਾਂ ਸਾਰੀਆਂ ਹੀ ਤੇਰੀਆਂ ਭੇਦ ਨੂੰ ਛੁਪਾਈ ਤੂੰ।
ਡੋਲਿਆ ਈਮਾਨ ਉਸ ਬੇਈਮਾਨ ਦਾ ਉਹਨੇ ਚੱਲੀ ਚਾਲ ਜੀ।
ਪਾ ਗਏ ਸ਼ਹੀਦੀ ਡਰੇ ਨਹੀਂ ਸੂਬੇ ਤੋਂ ਗੁਰੂ ਜੀ ਦੇ ਲਾਲ ਜੀ---

ਸੱਚੇ ਪਾਤਸਾਹ ਦੀ ਦੋਵੇਂ ਛੋਟੇ ਬਾਲਾਂ ॥ਤੇ ਹੋਈ ਬਖਸੀਸ ਜੀ
ਸਾਵਧਾਨ ਹੋ ਕੇ ਲੰਘੇ ਦਰਵਾਜਿਓ ਨਾ ਝੁਕਾਇਆ ਸੀਸ ਜੀ।
ਖੜ ਗਏ ਕਚਹਿਰੀ ਵਿੱਚ ਸੀਨਾ ਤਾਣ ਕੇ ਮੁੱਖ ॥ਤੇ ਜਲਾਲ ਜੀ
ਪਾ ਗਏ ਸ਼ਹੀਦੀ ਡਰੇ ਨਹੀਂ ਸੂਬੇ ਤੋਂ ਗੁਰੂ ਜੀ ਦੇ ਲਾਲ ਜੀ---

ਵੇਖ ਕੇ ਉਮਰ ਤਾਂ ਮਲੇਰ ਕੋਟਲਾ ਬੋਲਿਆ ਨਵਾਬ ਜੀ।
ਇਹ ਤਾਂ ਨੇ ਮਸੂਮ ਕੀ ਕਸੂਰ ਇਹਨਾਂ ਦਾ ਮੈਨੂੰ ਦਿਓ ਜਵਾਬ ਜੀ।
ਹਾਣਦਿਆ ਨਾਲ ਵੈਰ ਆਏ ਚਲਦੇ ਇਹ ਤਾਂ ਛੋਟੇ ਬਾਲ ਜੀ।
ਪਾ ਗਏ ਸ਼ਹੀਦੀ ਡਰੇ ਨਹੀਂ ਸੂਬੇ ਤੋਂ ਗੁਰੂ ਜੀ ਦੇ ਲਾਲ ਜੀ---

ਸਰ੍ਹਾ ਦੇ ਸਹਾਰੇ ਦੋ ਮਾਸੂਮ ਜਿੰਦਾ ॥ਤੇ ਜ਼ੁਲਮ ਨੇ ਢਾਂਹਵਦੇ
ਕਦੇ ਦੇ ਤਸੀਹੇ ਕਦੇ ਦੇ ਕੇ ਲੋਭ ਨੂੰ ਹੌਸਲੇ ਡੁਲਾਂਵਦੇ।
ਸਿੱਖਿਆ ਦਾਦੀ ਦੀ ਦਿੱਤੀ ਜਾਬਰਾਂ ਦੇ ਅੱਗੇ ਬਣ ਗਈ ਸੀ ਢਾਲ ਜੀ
ਪਾ ਗਏ ਸ਼ਹੀਦੀ ਡਰੇ ਨਹੀਂ ਸੂਬੇ ਤੋਂ ਗੁਰੂ ਜੀ ਦੇ ਲਾਲ ਜੀ---

ਓਧਰ ਦਾਦੀ ਮਾਂ ਕੈਦ ਸੀ ਠੰਡੇ ਬੁਰਜ ਚ ਕਰੇ ਇੰਤਜਾਰ ਜੀ
ਸੁਣ ਕੇ ਖਬਰ ਪੋਤਿਆਂ ਦੀ ਮੌਤ ਦੀ ਸਕੀ ਨਾ ਸਹਾਰ ਜੀ।
ਦੁੱਖ ਵਿੱਚ ਉਹਨਾਂ ਨੇ ਉੱਚੇ ਬੁਰਜ ਤੋਂ ਮਾਰ ਦਿੱਤੀ ਛਾਲ ਜੀ।
ਪਾ ਗਏ ਸ਼ਹੀਦੀ ਦਾਦੀ ਮਾਂ ਗੁਜਰੀ ਪੋਤਿਆਂ ਦੇ ਨਾਲ ਜੀ ---

ਸ਼ੇਰਾਂ ਜਿਹੇ ਜਿਗਰੇ ਨਿਆਣੀ ਉਮਰੇ ਨਹੀਂ ਗੱਲ ਆਮ ਜੀ।
ਲਿਖੇ ਇਤਿਹਾਸ ਖੂਨ ਨਾਲ ਆਪਣੇ "ਸੋਹਣ" ਦਾ ਸਲਾਮ ਜੀ ।
ਐਸੀਂ ਕੁਰਬਾਨੀ ਵਾਲੀ ਸਾਰੀ ਦੁਨੀਆ ਤੋਂ ਮਿਲੇ ਨਾ ਮਿਸਾਲ ਜੀ।
ਪਾ ਗਏ ਸ਼ਹੀਦੀ ਡਰੇ ਨਹੀਂ ਸੂਬੇ ਤੋਂ ਗੁਰੂ ਜੀ ਦੇ ਲਾਲ ਜੀ---
ਪਾ ਗਏ ਸਹੀਦੀ ਲਾਡਲੇ ਗੋਬਿੰਦ ਦੇ ਦੋਵੇਂ ਛੋਟੇ ਬਾਲ ਜੀ



ਲਿਖਤਕਾਰ :
ਸੋਹਣ ਸਿੰਘ ਭੁੱਚੋ ਖੁਰਦ
(ਕੈਨੇਡਾ)
1 368 338 6512,
ਵਟਸਐਪ:8146946194




# ਦਿਲ ਵਾਲਾ ਦੁੱਖੜਾ-1

**-ਮਨਜ਼ੂਰ ਹੁਸੈਨ ਝੱਲਾ**




ਤੇਰੇ ਗ਼ਮ ਵੀ ਲੱਗ ਜਾਣ ਮੈਨੂੰ, ਤੇਰਾ ਵਾਲ ਵਿੰਗਾ ਨਾ ਹੋਵੇ
ਲੋਕਾ ਚਾਰੀ ਮੈਂ ਹਸਦਾ ਫਿਰਦਾ, ਦਿਲ ਅੰਦਰੋ ਅੰਦਰੀ ਰੋਵੇ
ਆਸ਼ਿਕ ਦਾ ਦਿਲ ਸ਼ੀਸ਼ੇ ਵਰਗਾ, ਚੋਟ ਲੱਗੇ ਤੇ ਉੱਠ ਖਲੋਵੇ
'ਮਨਜ਼ੂਰ ਮੀਆਂ' ਉਹਦਾ ਜਿਊਣਾ ਕੀ, ਜੀਹਦਾ ਦਰਦੀ ਕੋਈ ਨਾ ਹੋਵੇ
ਬੋਲ ਨਾ ਮੰਦੜਾ ਨਾ ਦੇਹ ਝਿੜਕਾਂ, ਤੇਰ ਬਾਝ ਨਾ ਬਾਗ ਬਹਾਰਾਂ
ਜਿਹੜੇ ਪੰਛੀ ਉੱਡ ਗਏ ਹੱਥੋਂ, ਉਹ ਮੁੜ ਨਾ ਆਉਣ ਦੁਬਾਰਾ
ਹਾਕਮ ਹੁਕਮ ਸਦਾ ਨਹੀਂ ਰਹਿੰਦੇ, ਰਹਿੰਦੀਆਂ ਨਹੀਂ ਗੁਲਜ਼ਾਰਾਂ
'ਮਨਜ਼ੂਰ ਮੀਆਂ' ਜਿਹੜੇ ਸਾਥੀ ਵਿੱਚੜੇ, ਸਾਨੂੰ ਦੇ ਗਏ ਦਰਦ ਹਜ਼ਾਰਾਂ

ਇਹਨਾਂ ਨੈਣਾਂ ਦੇ ਤੀਰਾਂ ਤੋਂ ਬੱਚ ਜਾਵੋ,
ਇਹ ਲੱਗੇ ਹੋਏ ਇਸ਼ਕ ਦੀ ਪੁੱਠ ਦੇ ਨੇ
ਇਹਨਾਂ ਵਿੱਚ ਪਰਵਾਜ਼ ਤੇ ਦੇਖ ਤੇਜੀ,
ਦੂਰ ਰਹਿਕੇ ਵੀ ਦਿਲਾਂ ਨੂੰ ਕੁੱਠਦੇ ਨੇ
ਚੰਗੇ ਭਲੇ ਨੂੰ ਦੁੱਖਾਂ ਵਿੱਚ ਪਾ ਦਿੰਦੇ,
ਉੱਤੋਂ ਮਾਰਦੇ ਨੇ ਨਾਲੇ ਰੁੱਠਦੇ ਨੇ
ਮਾਰੇ ਮੌਤ ਦੇ ਹੋਣ 'ਮਨਜ਼ੂਰ' ਜਿੰਦਾ,
ਮਾਰੇ ਨੈਣਾਂ ਦੇ ਕਦੀ ਨਾ ਉੱਠਦੇ ਨੇ

ਮਨਜ਼ੂਰ ਮੀਆਂ ਸੁਣਦੇ ਜ਼ਰੂਰ ਪਰ ਛੱਡ ਦਿੰਦੇ। ਨਿਆਣਮੱਤੀਆਂ ਚ ਭਲਾਂ ਇਹਨਾਂ ਗੱਲਾਂ ਦਾ ਕੀ ਲੈਣ ਦੇਣ। ਇੰਝ ਤਾਂ ਲਗਦਾ ਰਿਹਾ ਕਿ ਇਹ ਕੋਈ ਗੱਲ ਜ਼ਰੂਰ ਐ, ਜੋ ਗਵਈਏ ਗੀਤ ਤੋਂ ਪਹਿਲਾਂ, ਇਹੋ ਜਿਹੇ ਸ਼ੇਅਰ ਗਾਉਂਦੈ ਐ। ਸੱਚੀ ਗੱਲ ਐ, ਮੈਨੂੰ ਨਹੀਂ ਸੀ ਪਤਾ ਇਹ ਮਨਜ਼ੂਰ ਮੀਆਂ ਕੌਣ ਐ। ਖਾਸਾ ਸਮਾਂ ਤਾਂ ਇੰਝ ਲੱਗਦਾ ਰਿਹਾ ਕਿ ਇਹ ਵੀ ਕੋਈ ਮੀਆਂ ਵਾਰਿਸ ਸ਼ਾਹ ਜਾਂ ਮੀਆਂ ਮੁਹੰਮਦ ਬਖਸ਼ ਵਾਂਗੂੰ ਕੋਈ ਬਹੁਤ ਪੁਰਾਣਾ ਕਵੀ ਹੋਊਗਾ।ਸੰਨ 1980 ਵਿੱਚ ਹਿਜ਼ ਮਾਸਟਰਜ਼ ਵਾਇਸ ਕੰਪਨੀ ਕਲਕੱਤਾ ਨੇ 'ਮੁਹੰਮਦ ਆਲਮ ਲੁਹਾਰ' ਦੀ ਆਵਾਜ਼ ਵਿੱਚ ਗਾਇਆ ਇੱਕ ਐਲ.ਪੀ. ਰਿਕਾਰਡ ਕੱਢਿਆ। ਜਿਸ ਵਿੱਚ ਕੁੱਲ ਅੱਠ ਗੀਤ ਸਨ। ਚਾਰ ਗੀਤ ਇੱਕ ਪਾਸੇ ਤੇ ਚਾਰ ਦੂਜੇ ਪਾਸੇ। ਇਸ ਰਿਕਾਰਡ 'ਤੇ ਜੋ ਤਫਸੀਲ ਦਰਜ ਐ, ਉਹ ਇਸ ਪ੍ਰਕਾਰ ਹੈ।

**ਸਾਈਡ ਏ**

ਬੋਲ ਮਿੱਟੀ ਦਿਆ ਬਾਵਿਆ - ਗੀਤਕਾਰ (ਪ੍ਰੰਪਰਿਕ)
ਛੇੜ ਨਾ ਗੱਲਾਂ - ਗੀਤਕਾਰ (ਅਖਤਰ ਕਸ਼ਮੀਰੀ)
ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ - ਗੀਤਕਾਰ (ਮੁਹੰਮਦ ਆਲਮ ਲੁਹਾਰ)
ਮਿਰਜ਼ਾ - ਗੀਤਕਾਰ (ਪ੍ਰੰਪਰਿਕ)

**ਸਾਈਡ ਬੀ**

ਇਸ਼ਕ ਅਵੱਲੜੀ - ਗੀਤਕਾਰ (ਅਖ਼ਤਰ ਕਸ਼ਮੀਰੀ)
ਦਿਲ ਵਾਲਾ ਦੁੱਖੜਾ - ਗੀਤਕਾਰ (ਮੁਹੰਮਦ ਆਲਮ ਲੁਹਾਰ)
ਮਾਂ ਦਾ ਪਿਆਰ - ਗੀਤਕਾਰ (ਫਿਰੋਜ਼ਦੀਨ ਸ਼ਰਫ)
ਯੂਸਫ ਪੁੱਛੇ ਦੱਸ ਜੁਲੇਖਾਂ - ਗੀਤਕਾਰ (ਪ੍ਰੰਪਰਿਕ)
ਸੰਗੀਤਕਾਰ - ਮਨਜ਼ੂਰ ਹੁਸੈਨ ਮਕਦੂਮ / ਗਾਇਕ -ਆਲਮ ਲੁਹਾਰ
ਲੜੀ ਨੰਬਰ - ECLP 25004 / ਕੰਪਨੀ ਐਚ. ਐਮ. ਵੀ. ਕਲਕੱਤਾ (ਭਾਰਤ)

ਭਾਰਤ ਵਿੱਚ ਇਹ ਰਿਕਾਰਡ ਪਾਕਿਸਤਾਨ ਦੀ ਈ. ਐਮ.ਆਈ. ਕੰਪਨੀ ਦੇ ਕਿਸੇ ਸਮਝੌਤੇ ਤਹਿਤ ਬਣਾਇਆ ਗਿਆ ਸੀ। ਉਂਝ ਰਿਕਾਰਡਿੰਗ ਪਾਕਿਸਤਾਨ 'ਚ ਹੀ ਹੋਈ ਸੀ। ਭਾਰਤ ਵਿੱਚ ਇਸ ਰਿਕਾਰਡ ਦੇ ਆਉਦਿਆਂ ਹੀ, ਇਹਨਾਂ ਅੱਠਾਂ ਗੀਤਾਂ ਵਿੱਚੋਂ ਤਿੰਨ ਗੀਤ ਤਾਂ ਬੱਚੇ ਬੱਚੇ ਦੀ ਜ਼ੁਬਾਨ ਤੇ ਚੜ੍ਹ ਗਏ।

ਉਹ ਤਿੰਨ ਗੀਤ ਹਨ , ਦਿਲ ਵਾਲਾ ਦੁੱਖੜਾ ਨਹੀਂ ਕਿਸੇ ਨੂੰ ਸੁਣਾਈਦਾ, ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ ਕਿਸੇ ਨੇ ਮੇਰੀ ਗੱਲ ਨਾ ਸੁਣੀ ਤੇ ਬੋਲ ਮਿੱਟੀ ਦਿਆ ਬਾਵਿਆ। ਰਿਕਾਰਡ ਵਿੱਚਲੇ ਬਾਕੀ ਗੀਤ ਵੀ ਸੁਣੇ ਗਏ। ਪਰ ਇਹਨਾਂ ਤਿੰਨਾਂ ਗੀਤਾਂ ਦੀ ਮਕਬੂਲੀਅਤ ਬੇਮਿਸਾਲ ਸੀ, ਜੋ ਅੱਜ ਤੱਕ ਵੀ ਬਰਕਰਾਰ ਹੈ। ਮੈਂ ਵੀ ਇਹਨਾਂ ਤਿੰਨਾਂ ਗੀਤਾਂ ਦਾ ਸ਼ੁਦਾਈ ਸੀ। ਇਹ ਤਿੰਨੇ ਗੀਤ ਅੱਜ ਤੱਕ ਵੀ ਮੇਰੇ ਮੂੰਹ ਜ਼ੁਬਾਨੀ ਯਾਦ ਹਨ। ਜਿਉਂ ਜਿਉਂ ਉਮਰ ਵਧਦੀ ਗਈ ਮੇਰਾ ਪੰਜਾਬੀ ਗੀਤਾਂ ਤੇ ਰਿਕਾਰਡਾਂ ਨਾਲ ਲਗਾਓ ਵਧਦਾ ਗਿਆ। ਮੇਰੀ ਨਿੱਜੀ ਲਾਇਬਰੇਰੀ ਵਿੱਚ ਭਾਰਤ, ਪਾਕਿਸਤਾਨ ਦੇ ਬਣੇ ਪੰਜਾਬੀ ਰਿਕਾਰਡਾਂ ਦੀ ਗਿਣਤੀ ਵਧਦੀ ਗਈ। ਮੇਰੇ ਹੱਥ ਪਾਕਿਸਤਾਨ ਦਾ ਬਣਿਆ ਇੱਕ ਛੋਟਾ ਰਿਕਾਰਡ ਲੱਗਾ। ਇਸ ਦੇ ਗਾਇਕ ਕਲਾਕਾਰ ਹਨ 'ਸਾਈਂ ਅਖ਼ਤਰ ਹੁਸੈਨ'। ਇਸ ਰਿਕਾਰਡ ਤੇ ਸਿਰਫ ਦੋ ਹੀ ਗੀਤ ਹਨ। ਇਹਨਾਂ 'ਚੋਂ ਇੱਕ ਗੀਤ ਹੈ 'ਦਿਲ ਵਾਲਾ ਰੋਗ'। ਜਿਸਤੇ ਗੀਤਕਾਰ ਵੱਜੋਂ 'ਮਨਜ਼ੂਰ ਹੁਸੈਨ ਝੱਲਾ' ਲਿਖਿਆ ਹੋਇਆ ਐ। ਜਦੋਂ ਮੈਂ ਰਿਕਾਰਡ ਮਸ਼ੀਨ ਤੇ ਰੱਖ ਕੇ ਸੂਈ ਧਰੀ ਤਾਂ ਹੈਰਾਨ ਈ ਹੋ ਗਿਆ। ਆਲਮ ਲੁਹਾਰ ਦਾ ਗੀਤ 'ਦਿਲ ਵਾਲਾ ਦੁੱਖੜਾ' ਤੇ ਮੇਰੇ ਦਿਲ ਵਿੱਚ ਵਸਿਆ ਈ ਹੋਇਆ ਸੀ ਪਰ ਜਦੋਂ ਸਾਈਂ ਅਖ਼ਤਰ ਹੁਸੈਨ ਦੀ ਆਵਾਜ਼ ਵਿੱਚ ਸਾਵਾਂ ਈ ਗੀਤ ਸੁਣਿਆਂ ਤਾਂ ਮੈਨੂੰ ਹੈਰਾਨੀ ਭਰੀ ਖੁਸ਼ੀ ਹੋਈ। ਸਾਈਂ ਅਖ਼ਤਰ ਹੁਸੈਨ ਨੇ ਇੰਝ ਗਾਇਆ ਹੈ

ਦਿਲ ਵਾਲਾ ਰੋਗ ਨਹੀਂ ਕਿਸੇ ਨੂੰ ਸੁਣਾਈਦਾ
ਆਪਣੀਆਂ ਸੋਚਾਂ ਵਿੱਚ ਆਪੇ ਮਰ ਜਾਈਦਾ
ਦੇ ਕੇ ਨਜ਼ਰਾਨੇ ਸਰਕਾਰ ਨੂੰ ਮਨਾਇਆ
ਏ ਪੜ੍ਹ ਕੇ ਨਮਾਜ਼ਾਂ ਤੇ ਗਫਾਰ ਨੂੰ ਮਨਾਇਆ
ਏ ਤੂੰ ਕੀ ਜਾਣੇਂ ਕਿਵੇਂ ਰੁੱਠੇ ਯਾਰ ਨੂੰ ਮਨਾਈਦਾ
ਦਿਲ ਵਾਲਾ ਰੋਗ ਨਹੀਂ ਕਿਸੇ ਨੂੰ ਸੁਣਾਈਦਾ
ਮਾਹੀ ਰੁੱਸ ਜਾਵੇ ਤੇ ਜਹਾਨ ਰੁੱਸ ਜਾਂਦਾ ਏ
ਟੁੱਟ ਜਾਂਦੈ ਮਾਣ ਪੱਲੇ ਕੁੱਝ ਵੀ ਨਾ ਰਹਿੰਦਾ ਏ
ਫਿਰਦਾ ਏ ਬੱਦਾ ਜਿਵੇਂ ਮਾਰਿਆ ਖੁਦਾਈ ਦਾ
ਦਿਲ ਵਾਲਾ ਰੋਗ ਨਹੀਂ ਕਿਸੇ ਨੂੰ ਸੁਣਾਈਦਾ
ਛੱਡ 'ਮਨਜ਼ੂਰ' ਤੇਰਾ ਦੁਨੀਆਂ ਤੇ ਕੰਮ ਕੀ

ਓਹ ਵੀ ਤੁਰ ਗਿਆ ਜੀਹਦੇ ਦਮ ਨਾਲ਼ ਦਮ ਸੀ ਮੌਤ ਕੋਲੋਂ ਬਹੁਤਾ ਦੁੱਖ ਯਾਰ ਦੀ ਜੁਦਾਈ ਦਾ ਦਿਲ ਵਾਲਾ ਰੋਗ ਨਹੀਂ ਕਿਸੇ ਨੂੰ ਸੁਣਾਈਦਾ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ ECLP 25004
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤ - ਦਿਲ ਵਾਲਾ ਰੋਗ , ਗੀਤਕਾਰ - ਮਨਜ਼ੂਰ ਹੁਸੈਨ ਝੱਲਾ ਆਵਾਜ਼ - ਸਾਈਂ ਅਖ਼ਤਰ ਹੁਸੈਨ। ਸੰਗੀਤ - ਪ੍ਰੰਪਰਿਕ ਜਦੋਂ ਕਿ 'ਆਲਮ ਲੁਹਾਰ' ਨੇ ਵੀ ਇਸ ਗੀਤ ਨੂੰ ਬਿਲਕੁਲ ਇਸੇ ਤਰ੍ਹਾਂ ਹੀ ਗਾਇਆ ਹੈ। ਆਲਮ ਲੁਹਾਰ ਨੇ 'ਦਿਲ ਵਾਲਾ ਰੋਗ' ਦੀ ਥਾਂ 'ਦਿਲ ਵਾਲਾ ਦੁੱਖੜਾ' ਬੋਲਿਆ ਹੋਇਆ ਐ ਤੇ ਅਖੀਰਲੇ ਅੰਤਰੇ ਤੋਂ ਪਹਿਲਾਂ ਇੱਕ ਸ਼ੇਅਰ ਬੋਲਿਆ ਹੋਇਆ ਐ




ਇਹ ਗੱਲ ਤੇ ਹਰ ਕੋਈ ਜਾਣਦਾ ਏ
ਮੇਲਾ ਮੇਲੀਆਂ ਦਾ ਯਾਰਾਂ ਬੇਲੀਆਂ ਦਾ
ਨਬੀ ਪੀਰ ਫਕੀਰ ਇਮਾਮ ਦਾਤੇ
ਸੰਗ ਛੱਡ ਗਏ ਨੇ ਯਾਰਾਂ ਬੇਲੀਆਂ ਦਾ
ਰਾਂਝਾ ਭਾਈਆਂ ਨੂੰ ਛੱਡ ਫਕੀਰ ਬਣਿਆ
ਹੀਰ ਛੱਡ ਗਈ ਪੂਰ ਸਹੇਲੀਆਂ ਦਾ
ਇੱਕ ਦਿਨ ਅਸਾਂ ਪਰਦੇਸੀਆਂ ਵੀ 'ਆਲਮਾ' ਤੁਰ ਜਾਣਾ
ਕੁੰਡਾ ਮਾਰ ਕੇ ਇਹਨਾਂ ਹਵੇਲੀਆਂ ਦਾ

ਇਸ ਸ਼ੇਅਰ ਤੋਂ ਬਾਅਦ ਆਲਮ ਲੁਹਾਰ ਨੇ ਅਖੀਰਲੇ ਅੰਤਰੇ ਵਿੱਚ ਗਾਇਆ ਹੈ ਕਿ-
ਛੱਡ ਯਾਰ 'ਆਲਮ' ਤੇਰਾ ਦੁਨੀਆਂ ਤੇ ਕੰਮ ਕੀ ਜਦੋਂ ਕਿ ਸਾਈਂ ਅਖ਼ਤਰ ਹੁਸੈਨ ਨੇ ਗਾਇਆ ਛੱਡ 'ਮਨਜ਼ੂਰ' ਤੇਰਾ ਦੁਨੀਆਂ ਤੇ ਕੰਮ ਕੀ ਬੱਸ ਇਹੋ ਸਵਾਲ ਵਾਰ ਵਾਰ ਮੇਰੇ ਮਨ ਵਿੱਚ ਉਸਲਵੱਟੇ ਲੈਣ ਲੱਗ ਪਿਆ, ਕਿ ਗੀਤ ਇੱਕੋ ਈ ਐ, ਗੀਤਕਾਰ ਦੋ ਕਿਉਂ ਨੇ ? ਆਲਮ ਲੁਹਾਰ ਨੂੰ ਤਾਂ ਪੂਰੀ ਦੁਨੀਆਂ ਜਾਣਦੀ ਐ, ਪਰ ਇਹ 'ਮਨਜ਼ੂਰ' ਕੌਣ ? ਇਹ ਤਾਂ ਮੈਨੂੰ ਬਹੁਤ ਬਾਅਦ ਵਿੱਚ ਪਤਾ ਲੱਗਿਆ ਕਿ 'ਮਨਜ਼ੂਰ' ਇੱਕ ਗੀਤਕਾਰ ਸੀ। ਜਿਸ ਦਾ ਪੂਰਾ ਨਾਮ 'ਮਨਜ਼ੂਰ ਹੁਸੈਨ ਝੱਲਾ' ਸੀ। ਜੋ ਕਮਾਲ ਦਾ ਗੀਤਕਾਰ ਸੀ, ਗਾਇਕ ਵੀ ਸੀ, ਸੰਗੀਤਕਾਰ ਵੀ ਸੀ ਤੇ ਅਦਾਕਾਰ ਵੀ ਸੀ। ਮਨਜ਼ੂਰ ਦੀ ਜ਼ਿੰਦਗੀ ਬਾਰੇ ਬਾਅਦ ਵਿੱਚ ਗੱਲ ਕਰਦੇ ਹਾਂ, ਪਹਿਲਾਂ ਕੁੱਝ ਹੋਰ ਗੱਲਾਂ ਕਰ ਲਈਏ।ਮੈਂ ਮੁਹੰਮਦ ਆਲਮ ਲੁਹਾਰ ਦੇ ਗਾਏ ਹੋਏ, ਪਾਕਿਸਤਾਨ ਦੇ ਬਣੇ ਰਿਕਾਰਡ, ਫੋਲਣੇ ਸ਼ੁਰੂ ਕਰ ਦਿੱਤੇ। ਇਸੇ ਦੌਰਾਨ ਮੈਨੂੰ ਪਾਕਿਸਤਾਨ ਦਾ ਬਣਿਆ, ਆਲਮ ਲੁਹਾਰ ਦਾ ਈ ਗਾਇਆ ਇੱਕ ਹੋਰ ਛੋਟਾ ਈ.ਪੀ. ਰਿਕਾਰਡ ਲੱਭ ਗਿਆ। ਇਸ ਵਿੱਚ ਵੀ ਉਹੀ ਗੀਤ ਹੈ ਦਿਲ ਵਾਲਾ ਦੁੱਖੜਾ ।

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ -**7KCC 20016**
ਕੰਪਨੀ - ਈ ਐਮ ਆਈ ਕਰਾਚੀ ਪਾਕਿਸਤਾਨ
ਗੀਤ - ਦਿਲ ਵਾਲਾ ਦੁੱਖੜਾ / ਗੀਤਕਾਰ - ਮਨਜ਼ੂਰ ਝੱਲਾ ਆਵਾਜ਼ - ਮੁਹੰਮਦ ਆਲਮ ਲੁਹਾਰ

ਇਸ ਰਿਕਾਰਡ ਤੇ ਮਨਜ਼ੂਰ ਝੱਲੇ ਦਾ ਨਾਮ ਪੜ੍ਹਕੇ ਮੇਰਾ ਸ਼ੱਕ ਯਕੀਨ ਵਿੱਚ ਬਦਲ ਗਿਆ। ਆਲਮ ਲੁਹਾਰ ਦੇ ਗਾਏ ਗੀਤਾਂ ਦੇ ਰਿਕਾਰਡਾਂ ਤੇ ਗੀਤਕਾਰ ਬਾਰੇ ਜਾਨਣ ਦੀ ਤਾਂਘ ਹੋਰ ਵਧ ਗਈ। ਜੋ ਮਨਜ਼ੂਰ ਹੁਸੈਨ ਝੱਲੇ ਦੇ ਲਿਖੇ ਹੋਣ ਆਓ ਆਲਮ ਲੁਹਾਰ ਦੇ ਗਾਏ ਕੁੱਝ ਕੁ ਉਹਨਾਂ ਗੀਤਾਂ ਦੀ ਗੱਲ ਕਰ ਲਈਏ, ਜਿਹਨਾਂ ਦੇ ਰਿਕਾਰਡਾਂ ਉੱਤੇ ਗੀਤਕਾਰ ਵਜੋਂ ਮਨਜ਼ੂਰ ਹੁਸੈਨ ਝੱਲੇ ਦਾ ਨਾਮ ਦਰਜ ਹੈ। ਅਤੇ ਗੀਤ ਦੇ ਵਿੱਚ ਵੀ ਮਨਜ਼ੂਰ, ਮਨਜ਼ੂਰ ਮੀਆਂ ਜਾਂ ਝੱਲਾ ਆਉਂਦਾ ਹੈ।

**ਸੱਸੀ**

ਖਾ ਖਾ ਤੀਰ ਸਰੀਰ ਸੱਸੀ ਦਾ ਹੋਇਆ ਵਾਂਗ ਸਾਰੰਗੀ ਸੁਰ ਵਿੱਚ
ਉਹ ਆਪ ਵੀ ਰਾਗੀ,ਉਹਦੀ ਆਹ ਵੀ ਰਾਗੀ ਮਾਰੇ ਹਾਵਾਂ ਗਿਣ ਗਿਣ ਗੁਰ ਵਿੱਚ
ਇਸ਼ਕ ਬਲੋਚ ਨੇ ਨੋਚ ਲਿਆ ਜਿਵੇਂ ਇਸ਼ਕ ਹੁਸੈਨ ਦਾ ਹੁਰ ਵਿੱਚ
'ਮਨਜ਼ੂਰ' ਮੀਆਂ' ਸੱਸੀ ਸੜ ਕੇ ਮਰ ਗਈ ਓਸ ਪੁੰਨਣ ਬਲੋਚ ਦੇ ਖੁਰ ਵਿੱਚ
ਸੁੱਤੀ ਰਹਿਗੀ ਵੇ ਪੱਟ ਦੇ ਭੁਲੇਖੇ ਲੋਕੀਂ ਮੇਰਾ ਯਾਰ ਲੈ ਗਏ

ਤੋੜ ਦਿੱਤਾ ਏ ਮੇਰੀ ਪ੍ਰੀਤ ਦਾ ਕਾਸਾ
ਚਿੜੀਆਂ ਦੀ ਮੌਤ ਗੰਵਾਰਾਂ ਦਾ ਹਾਸਾ
ਮਾਹੀ ਆਵੇ ਤਾਂ ਦੁੱਖ ਮੇਰੇ ਦੇਖੇ
ਲੋਕੀਂ ਮੇਰਾ ਯਾਰ ਲੈ ਗਏ

ਪੱਟ ਪੁੰਨਣ ਦੇ ਭੁੱਲ ਗਈਆਂ ਸੋਚਾਂ
ਖੋਹ ਲਏ ਹਾਰ ਸ਼ਿੰਗਾਰ ਬਲੋਚਾਂ
ਜਿੰਦ ਲਾਈ ਏ ਪੁੰਨਣ ਦੇ ਮੈਂ ਲੇਖੇ
ਲੋਕੀਂ ਮੇਰਾ ਯਾਰ ਲੈ ਗਏ

ਆਪਣਾ ਈ ਬਣਦਾ ਏ ਬੇਗਾਨਾ
ਹੈ 'ਮਨਜ਼ੂਰ' ਬੇਦਰਦ ਜ਼ਮਾਨਾ ਮੈਨੂੰ ਪਲ ਪਲ ਪੈਣ ਭੁਲੇਖੇ
ਲੋਕੀਂ ਮੇਰਾ ਯਾਰ ਲੈ ਗਏ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ **7KCC 20177**
ਕੰਪਨੀ ਈ.ਐਮ.ਆਈ. (ਕਰਾਚੀ) ਪਾਕਿਸਤਾਨ
ਗੀਤ - ਸੁੱਤੀ ਰਹਿਗੀ ਮੈਂ / ਗੀਤਕਾਰ - ਮਨਜ਼ੂਰ ਝੱਲਾ ਗਾਇੱਕ - ਮੁਹੰਮਦ ਆਲਮ ਲੁਹਾਰ / ਸੰਗੀਤ - ਆਲਮ ਲੁਹਾਰ

ਚੁੱਕ ਸੋਹਣਿਆ ਪਰਦਾ ਮੁੱਖੜੇ ਤੋਂ
ਲੁੱਕ ਲੁੱਕ ਕੇ ਗੁਜ਼ਾਰਾ ਨਹੀਂ ਹੋਣਾ
ਅੱਜ ਦਿਲ ਦੀ ਮਰਜ਼ੀ ਕਰ ਪੂਰੀ
ਇਹ ਦੀਦਾਰ ਦੁਬਾਰਾ ਨਹੀਂ ਹੋਣਾ
ਨਾ ਲੱਭੀਂ ਮਸਜ਼ਿਦ ਮੰਦਰ ਵਿੱਚ ਤੱਕ ਯਾਰ ਨੂੰ ਆਪਣੇ ਅੰਦਰ ਵਿੱਚ
ਪਾਵੀਂ ਪੈਰ ਨਾ ਇਸ਼ਕ ਸਮੁੰਦਰ ਵਿੱਚ ਤੈਥੋਂ ਪਾਰ ਕਿਨਾਰਾ ਨਹੀਂ ਹੋਣਾ

ਤੂੰ ਬੋਲ ਅਵੱਲੜੇ ਬੋਲ ਦਿੱਤੇ ਕਈ ਆਸ਼ਕ ਦਰ ਦੇ ਰੋਲ ਦਿੱਤੇ
ਤੇਰੇ ਐਬ ਹਸ਼ਰ ਨੂੰ ਮੈਂ ਖ੍ਹੋਲ ਦਿੱਤੇ ਬਖ਼ਸ਼ਿਸ਼ ਦਾ ਇਸ਼ਾਰਾ ਨਹੀਂ ਹੋਣਾ
ਤੇਰੇ ਪਿਆਰ ਨੂੰ ਦਿਲ ਚੋਂ ਕੱਢ ਦੇਵਾਂ ਇਹ ਰੋਗ ਦਾ ਫਾਹਾ ਵੱਢ ਦੇਵਾਂ
'ਮਨਜ਼ੂਰ' ਜੇ ਤੈਨੂੰ ਛੱਡ ਦੇਵਾਂ
ਮੇਰੇ ਦਿਲ ਨੂੰ ਸਹਾਰਾ ਨਹੀਂ ਹੋਣਾ

ਰਿਕਾਰਡ ਦਾ ਲੜੀ ਨੰਬਰ ਏਂਜਲਜ਼ **7/3 KDC 20000**
ਕੰਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤ - ਚੁੱਕ ਸੋਹਣਿਆਂ ਪਰਦਾ / ਗੀਤਕਾਰ- ਮਨਜ਼ੂਰ ਹੁਸੈਨ ਝੱਲਾ ਸੰਗੀਤਕਾਰ - ਮਨਜ਼ੂਰ ਹੁਸੈਨ ਮਕਦੂਮ / ਆਵਾਜ਼- ਮੁਹੰਮਦ ਆਲਮ ਲੁਹਾਰ

ਲੱਗੀ ਵਾਲਿਆਂ ਨੂੰ ਨੀਂਦ ਨਹੀਂਓਂ ਆਉਂਦੀ ਨੀ ਤੇਰੀ ਕਿਵੇਂ ਅੱਖ ਲੱਗ ਗਈ
ਲੱਗੀ ਵਾਲਿਆਂ ਤੋਂ ਮੌਤ ਘਬਰਾਉਂਦੀ ਨੀ ਤੇਰੀ ਕਿਵੇਂ ਅੱਖ ਲੱਗ ਗਈ
ਪਾਈਆਂ ਰਾਹਵਾਂ 'ਚ ਜ਼ੁਲੈਖ਼ਾਂ ਜਾ ਕੇ ਕੁੱਲੀਆਂ ਅੱਖਾਂ ਹੀਰ ਦੀਆਂ ਡੋਲੀ ਵਿੱਚ ਖੁੱਲ੍ਹੀਆਂ
ਅੱਧੀ ਰਾਤੀਂ ਸੋਹਣੀ ਛੱਲਾਂ ਨੂੰ ਜਗਾਉਂਦੀ ਨੀ ਤੇਰੀ ਕਿਵੇਂ ਅੱਖ ਲੱਗ ਗਈ
ਤਾਂਘ ਚੰਨ ਦੀ 'ਚ ਉੱਡਦਾ ਚਕੋਰ ਸੀ
ਰੋ ਰੋ ਪਿਆਰ ਵਿੱਚ ਪੈਲਾਂ ਪਾਉਂਦਾ ਮੋਰ ਸੀ ਡਾਰੋਂ ਵਿੱਚੜ ਕੇ ਕੂੰਜ ਕੁਰਲਾਉਂਦੀ
ਨੀ ਤੇਰੀ ਕਿਵੇਂ ਅੱਖ ਲੱਗ ਗਈ
ਡਿੱਠਾ ਪਿਆਰ ਨੂੰ ਜ਼ਮਾਨੇ ਦੂਰ ਦੂਰ ਤੋਂ ਗੱਲ ਲੱਗੀਆਂ ਦੀ ਪੁੱਛ 'ਮਨਜ਼ੂਰ' ਤੋਂ ਓਹੋ ਸੌਂਦਾ ਜੀਹਨੂੰ ਯਾਦ ਨਹੀਂ ਸਤਾਉਂਦੀ ਨੀ ਤੇਰੀ ਕਿਵੇਂ ਅੱਖ ਲੱਗ ਗਈ

ਰਿਕਾਰਡ ਦਾ ਲੜੀ ਨੰਬਰ ਓਡੀਅਨ **LKDC 20001**
ਕੰਪਨੀ - ਈ. ਐਮ. ਆਈ.ਪਾਕਿਸਤਾਨ
ਗੀਤ - ਤੈਨੂੰ ਕਿਵੇਂ ਨੀਂਦ ਆ ਗਈ
ਗੀਤਕਾਰ - ਮਨਜ਼ੂਰ ਝੱਲਾ
ਆਵਾਜ਼ - ਮੁਹੰਮਦ ਆਲਮ ਲੁਹਾਰ

(ਚਲਦਾ- ਬਾਕੀ ਅਗਲੇ ਅੰਕ ਵਿੱਚ--)

facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਮੇਰੇ ਘਰਦਿਆਂ ਦੇ ਛਿੱਤਰ ਹੀ ਮਾਰਿਓ ਜੀ

ਪੁਰਾਣੀ ਗੱਲ ਹੈ, ਮੈਂ ਨਵਾਂ ਨਵਾਂ ਯੂਰਪ ਆਇਆ ਸੀ, ਆਉਂਦੇ ਹੀ ਫਰੂਟ ਤੋੜਣ ਦਾ ਸੀਜ਼ਨ ਚੱਲ ਰਿਹਾ ਸੀ ਸੋ ਕੰਮ ਮਿਲ ਗਿਆ, ਕੁੱਝ ਪੈਸੇ ਇਕੱਠੇ ਹੋਏ ਤੇ ਮੈਂ ਅਪਣੇ ਬਾਪੂ ਨੂੰ ਭੇਜਣ ਬਾਰੇ ਪੁੱਛ-ਗਿੱਛ ਕੀਤੀ ਤਾਂ ਪਤਾ ਲੱਗਾ ਕਿ ਇੱਕ ਪੰਜਾਬੀ ਜੋ ਕਿ ਸੁਨਿਆਰ ਦਾ ਕੰਮ ਕਰਦਾ ਸੀ ਤੇ ਨਾਲ ਹੀ ਪੈਸੇ ਭੇਜਣ ਦਾ ਵੀ.. ਵੈਸੇ ਉਹ ਮੋਨਾ ਸੀ ਪਰ ਸਾਰੇ ਉਸ ਨੂੰ ਬਾਬਾ ਕਹਿੰਦੇ ਸੀ.. ਮੈਂ ਉਸ ਦੀ ਦੁਕਾਨ ਤੇ ਗਿਆ ਤੇ ਦਸਿਆ ਕਿ ਮੈ ਦੋ ਲੱਖ ਰੁਪਏ ਭੇਜਣੇ ਨੇ, ਉਹ ਥੋੜ੍ਹਾ ਮਜ਼ਾਕੀਆ ਸੁਭਾਅ ਦਾ ਬੰਦਾ ਸੀ.. ਉਸ ਨੇ ਮੇਰੇ ਸਾਹਮਣੇ ਹੀ ਪੰਜਾਬ ਫੋਨ ਲਾਇਆ ਤੇ ਮੈਨੂੰ ਪੁੱਛਿਆ ਕਿ ਪੈਸੇ ਕਿਸ ਨੇ ਲੈਣ ਆਉਣਾ, ਮੈਂ ਕਿਹਾ ਕਿ ਬਾਪੂ ਨੇ, ਉਸ ਨੇ ਨਾਂ ਪੁੱਛਿਆ ਤੇ ਮੈਂ ਕਿਹਾ ਸਰਦਾਰ ਹ ਸਿੰਘ, ਉਹ ਫੋਨ ਤੇ ਕਹਿੰਦਾ ਕਿ ਸਰਦਾਰ ਹ ਸਿੰਘ ਆਉਣਗੇ, ਉੱਨਾਂ ਦੇ ਦੋ ਛਿੱਤਰ ਮਾਰ ਦਿਓ ਮੈਂਨੂੰ ਗੁੱਸਾ ਆ ਗਿਆ ਤੇ ਮੈਂ ਉਸ ਨੂੰ ਕਾਲਰ ਤੋਂ ਫੜ ਲਿਆ ਉਹ ਕਹਿੰਦਾ ਵੀਰ ਗੁੱਸਾ ਨਾ ਕਰ, ਇਹ ਅਪਣਾ ਕੋਡ ਵਰਡ ਆ, ਤੈਨੂੰ ਪਤਾ ਬਈ ਦੋ ਨੰਬਰ ਦਾ ਕੰਮ ਆ..ਮੈ ਕਿਹਾ, ਯਾਰ ਕੋਡ ਚੱਜ ਦਾ ਰੱਖ ਲਵੋ.. ਉਹ ਕਹਿੰਦਾ ਚੱਲ ਤੂੰ ਦੱਸ ਕੀ ਰੱਖਿਆ ਜਾਵੇ.. ਮੈਂ ਕਿਹਾ ਕਿ ਕਹਿ ਦੇਵੋ ਕਿ ਸਰਦਾਰ ਹ ਸਿੰਘ ਨੂੰ ਦੋ ਕੁਲਫ਼ੀਆਂ ਖੁਆ ਦੇਣਾ



ਉਹ ਹੱਸਿਆ ਤੇ ਕਹਿੰਦਾ ਐਨੀ ਠੰਡ ਚ ਤੇਰੇ ਬਾਪੂ ਨੂੰ ਕੁਲਫ਼ੀਆਂ ਖੁਆ ਕੇ ਨਮੂਨੀਆ ਕਰਨਾ ਮੈਂ ਕਿਹਾ ਗੱਲ ਤੇਰੀ ਵੀ ਠੀਕ ਆ ਬਾਬੇ ਪਰ ਕੋਈ ਹੋਰ ਰੱਖ ਲਵੋ ਪਿਆਰਾ ਜਿਹਾ ਕੋਡ.. ਉਹ ਕਹਿੰਦਾ ਅੱਗੇ ਨੂੰ ਖਿਆਲ ਰੱਖਾਂਗੇ ਚਲੋ ਇਸ ਗੱਲ ਨੂੰ ਸਮਾਂ ਲੰਘ ਗਿਆ..

ਕਈ ਮਹੀਨਿਆਂ ਬਾਅਦ ਮੈਂ ਦੁਬਾਰਾ ਉਸ ਕੋਲ ਗਿਆ ਤਾਂ ਉਸ ਨੇ ਪੰਜਾਬ ਫੋਨ ਲਾਇਆ ਤੇ ਪੁੱਛਿਆ ਕਿੰਨੇ, ਮੈਂ ਤਿੰਨ ਉਂਗਲਾਂ ਖੜੀਆਂ ਕਰ ਦਿੱਤੀਆਂ, ਉਸ ਨੇ ਨਾਂ ਪੁੱਛਿਆ ਤੇ ਮੈਂ ਕਿਹਾ ਸਰਦਾਰ ਹ ਸਿੰਘ ਉਹ ਫੋਨ ਤੇ ਨਿਰਦੇਸ਼ ਦੇਣ ਲੱਗਾ ਕਿ ਸਰਦਾਰ ਹ ਸਿੰਘ ਆਉਣਗੇ ਉਨਾ ਦੇ ਤਿੰਨ ਛਿੱਤਰ ਉਸ ਦੇ ਐਨਾ ਕਹਿਣ ਦੀ ਦੇਰ ਸੀ ਕਿ ਮੈਨੂੰ ਗੁੱਸਾ ਆ ਗਿਆ ਤੇ ਉਸ ਨੇ ਭਾਂਪਦੇ ਹੋਏ ਤੁਰੰਤ ਗੱਲ ਬਦਲੀ ਕਿ ਸਰਦਾਰ ਹ ਸਿੰਘ ਨੂੰ ਤਿੰਨ ਪੱਪੀਆਂ ਦੇ ਦਿਓ..

ਉਸ ਦੀ ਗੱਲ ਸੁਣ ਕੇ ਮੈਨੂੰ ਹਾਸਾ ਆ ਗਿਆ.. ਮੇਰੇ ਪਿੱਛੇ ਬੇਗੋਵਾਲ ਦਾ ਇਕ ਮੁੰਡਾ ਖੜ੍ਹਾ ਸੀ ਜੋ ਸਾਡੀ ਗੱਲ ਧਿਆਨ ਨਾਲ ਸੁਣ ਰਿਹਾ ਸੀ ਜਦ ਉਸ ਦੀ ਵਾਰੀ ਆਈ ਤਾਂ ਕਹਿੰਦਾ ਕਿ ਮੇਰੇ ਘਰਦਿਆਂ ਦੇ ਛਿੱਤਰ ਹੀ ਮਾਰਿਓ ਜੀ ਬਾਬਾ ਪੁੱਛਦਾ ਕਿਉਂ ਬਈ ਉਹ ਬੇਗੋਵਾਲ ਵਾਲਾ ਮੁੰਡਾ ਕਹਿੰਦਾ ਦਰਅਸਲ ਮੇਰੇ ਪੈਸੇ ਲੈਣ ਮੇਰੀ ਬੀਬੀ ਨੇ ਆਉਣਾ ਹੈ ਕਿਉਂਕਿ ਮੇਰਾ ਬਾਪੂ ਇੱਥੇ ਹੀ ਜਰਮਨ ਵਿੱਚ ਰਹਿੰਦਾ ਹੈ

**(ਕਲਮ 5ਆਬ ਦੀ ਉੱਪਰੋਂ ਕਾਪੀ ਕੀਤਾ ਪਰ ਉੱਥੇ ਲਿਖਤਕਾਰ ਦਾ ਨਾਂ ਨਹੀਂ ਲਿਖਿਆ ਸੀ )**



ਡਾ. ਬਲਵਿੰਦਰ ਕੌਰ ਬਰਾੜ
403 590 9629

## ਉਹ ਵੇਲਾ ਯਾਦ ਕਰ



# ਭਗਵੇਂ ਕੱਪੜਿਆਂ ਹੇਠ ਚੋਰ ਤੁਰੇ ਫਿਰਦੇ ਹਨ

**ਬੁੱਤ ਬਨਣ ਦਾ ਕੈਸਾ ਚਸਕਾ ਲੋਕੀ ਕਰੀ ਜਾਂਦੇ ਪੱਥਰ ਜ਼ਮੀਰ ਏਥੇ,**
**ਆਓ ਨਾਨਕ ਦੇਖੋ ਰੰਗ ਉਹੀ ਸ਼ੀਂਹ ਰਾਜੇ ਤੇ ਕੁੱਤੇ ਵਜ਼ੀਰ ਏਥੇ।**

**(ਅਮਨ ਢਿੱਲੋਂ)**

ਮਾਨਸਿਕ ਉਥਲ-ਪੁਥਲਤਾ ਦੇ ਇਸ ਯੁਗ ਵਿਚ ਕਿਹੋ ਜਿਹਾ ਜ਼ਮਾਨਾ ਹੰਢਾ ਰਹੇ ਹਾਂ ਜਿੱਥੇ ਬੇ-ਭਰੋਸਗੀ ਦਾ ਬੋਲਬਾਲਾ ਹੈ। ਅੱਜ ਜਿਵੇਂ ਸੱਜੇ ਨੂੰ ਖੱਬਾ ਹੱਥ ਹੀ ਖਾਣ ਨੂੰ ਆ ਰਿਹਾ ਹੈ। ਇਸ ਨਾਲ਼ ਹਰ ਮਨ ਵਿਚ ਸੱਖਣ ਪਸਰ ਰਿਹਾ ਹੈ। ਮਨ ਮਾਯੂਸ ਹੋ ਗਿਆ ਹੈ। ਜ਼ਿੰਦਗੀ ਜਿਊਣ ਜੋਗੀ ਨੀਂ ਰਹੀ ਲਗਦੀ। ਕਿੱਥੇ ਜ਼ੁਬਾਨ ਵਿੱਚੋਂ ਨਿਕਲ਼ੇ ਬੋਲ ਹੀ ਪੱਥਰ ’ਤੇ ਲੀਕ ਹੋ ਜਾਂਦੇ ਸਨ। ਉਮਰ ਭਰ ਲੋਕ ਨਿਭ ਜਾਂਦੇ ਰਹੇ ਹਨ। ਕਿੰਨਾਂ ਸਕੂਨ ਹੁੰਦਾ ਸੀ ਉਸ ਨਿਭਾਅ ਵਿਚ ਪੂਰੀ ਤ੍ਰਿਪਤੀ ਸੀ ਤੇ ਰੂਹ ਦਾ ਰੱਜ ਹੁੰਦਾ ਸੀ। ਅੱਜ ਹਰ ਘਰ ’ਤੇ ਕੈਮਰਾ ਲੱਗਾ ਹੈ। ਗੁਰੂ ਘਰ ਦੀ ਗੋਲਕ ’ਤੇ ਵੀ ਕੈਮਰੇ ਦਾ ਪਹਿਰਾ ਹੈ। ਕਿਹਾ ਜਾਂਦਾ ਹੈ ਕਿ ਇਕ ਪ੍ਰੇਮੀ ਜਦੋਂ ਪ੍ਰੇਮਿਕਾ ਨੂੰ ਮਿਲਣ ਜਾਂਦਾ ਹੈ, ਮੂੰਹ ਦੇ ਹਾਵ-ਭਾਵ ਪੜ੍ਹਨ ਦੀ ਥਾਂ ਇਕ ਦੂਜੇ ਦਾ ਫੋਨ ਫਰੋਲਣ ਦੀ ਕਾਹਲੀ ਹੁੰਦੀ ਹੈ। ਸਭ ਦਾ ਸੁਭਾਅ ਸ਼ੱਕੀ ਹੋ ਰਿਹਾ ਹੈ। ਬੇ-ਭਰੋਸਗੀ ਅਤੇ ਬੇ-ਵਿਸ਼ਵਾਸੀ ਨੇ ਹਰ ਪਰਤ ਵਿਚ ਪੈਰ ਪਸਾਰ ਲਏ ਹਨ। ਅਸੀਂ ਦੁਆਲ਼ੇ ਵੇਖਦੇ ਹਾਂ, ਡਾਕਟਰਾਂ ਜਾਂ ਦਵਾਈਆਂ ਕਾਰਨ ਸਾਡੀ ਦੇਹੀ ਨੁਕਸਾਨੀ ਹੈ, ਫਲ਼ਾਂ ਅਤੇ ਸਬਜ਼ੀਆਂ ਨੂੰ ਜ਼ਹਿਰ ਦੇ ਟੀਕੇ ਲਗਦੇ ਹਨ, ਘਿਉ ਦੀ ਥਾਂ ਚਰਬੀ ਢਾਲ਼ੀ ਜਾ ਰਹੀ ਹੈ। ਦੁਕਾਨਾਂ ਵਿਚ ਮੁਸਕਰਾ ਰਿਹਾ ਸਾਮਾਨ ਪੂਰੇ ਜਲੌਅ ਨਾਲ਼ ਸਾਨੂੰ ਭਰਮਾ ਰਿਹਾ ਹੁੰਦਾ ਹੈ ਪਰ ਚਮਕਦੀ ਹਰ ਵਸਤ ਦੇ ਨਕਲੀ ਹੋਣ ਦਾ ਭਰਮ ਪਲ੍ਹਰਦਾ ਹੈ। ਇਸ ਬੇ-ਭਰੋਸਗੀ ਨੇ ਰਿਸ਼ਤਿਆਂ ਵਿਚਲੀ ਪਾਕੀਜ਼ਗੀ ਵੀ ਖੋਹ ਧਰੀ ਹੈ। ਕਿਸੇ ਵੀ ਰਿਸ਼ਤੇ ’ਤੇ ਇਤਬਾਰ ਕਰ ਕੇ ਧੀ-ਭੈਣ ਦੀ ਰਾਖੀ ਕਰਨ ਵਾਲ਼ਾ ਵੇਲ਼ਾ ਵਿਹਾਜ ਗਿਆ ਹੈ। ਜੇ ਕਦੇ ਇਤਬਾਰ ਕਰਨਾ ਪੈ ਜਾਏ ਤਾਂ ਧੁੜਕੂ ਲੱਗਾ ਰਹਿੰਦਾ ਹੈ, ਕਿਤੇ ਕਚਰਿਆਂ ਦੀ ਰਾਖੀ ਗਿੱਦੜ ਤਾਂ ਨੀਂ ਬਿਠਾ ਆਏ। ਬੈਂਕਾਂ ਵਿਚ ਵੀ ਲੁੱਟ-ਖੋਹ ਦੀਆਂ ਖ਼ਬਰਾਂ ਹਨ। ਰਹਿੰਦੀ ਕਸਰ ਮੀਡੀਆ ਪੂਰੀ ਕਰ ਰਿਹਾ ਹੈ। ਸਨਸਨੀਖ਼ੇਜ਼ ਖ਼ਬਰਾਂ ਨੂੰ ਮਸਾਲਾ ਲਾ ਲਾ ਪਰੋਸਦਾ ਲੋਕਾਂ ਦੀ ਹੈਰਾਨੀ ਵਸੂਲਣ ਦਾ ਢੰਗ ਹੈ। ਚੰਗੀਆਂ ਖ਼ਬਰਾਂ ਨੂੰ ‘ਚੱਲ ਹੋਊ ਪਰੇ’ ਕਰੀ ਰਖਦਾ ਹੈ। ਕਤਲ, ਠੱਗੀ, ਧੋਖਾ, ਬਲਾਤਕਾਰ ਜਿਹੇ ਸ਼ਬਦ ਉਨ੍ਹਾਂ ਲਈ ਮਨਭਾਉਂਦੇ ਹਨ। ਹਰ ਕੋਨੇ ਤੋਂ ਹੀ ਭਰਮ, ਦਹਿਲ ਤੇ ਸਹਿਮ ਬੀਜਿਆ ਜਾ ਰਿਹਾ ਹੈ। ਭੋਲ਼ੇ ਆਦਮੀ ਨੂੰ ਮੂਰਖ ਸਿੱਧ ਕਰ ਕੇ ਹਾ ਹਾ ਹੀ ਹੀ ਕੀਤੀ ਜਾਂਦੀ ਹੈ। ਨੇਤਾ ਲੋਕ ਕੋਲ਼ ਬੈਠੇ ਦੀਆਂ ਜੇਬਾਂ ਨੂੰ ਕੈਂਚੀ ਜਾ ਲਾਉਂਦੇ ਹਨ। ਇਕ ਵਾਰ ਮੈਨੂੰ ਮਿਲਣ ਆਇਆ ਵਿਅੱਕਤੀ ਵਧੀਆ ਦਾਰਸ਼ਨਿਕ ਪੱਧਰ ਦੀਆਂ ਗੱਲਾਂ ਕਰ ਰਿਹਾ ਸੀ ਕਿ ਘਰੋਂ ਫੋਨ ਆ ਗਿਆ। ਉਹ ਪੂਰੇ ਠਾਠ ਨਾਲ਼ ਕਹਿ ਰਿਹਾ ਸੀ, ‘ਮੈਂ ਤਾਂ ਡਾਕਟਰ ਕੋਲ਼ ਆਇਆ ਹੋਇਆ ਹਾਂ, ਏਥੇ ਭੀੜ ਬੜੀ ਐ’। ਇਸ ਤਰ੍ਹਾਂ ਦੀਆਂ ਗੱਲਾਂ ਪੈਰ-ਪੈਰ ’ਤੇ ਮਿਲਦੀਆਂ ਹਨ। ਜੋ ਵੀ ਮੂਹਰੋਂ ਮਿਲਦਾ ਹੈ,ਪ੍ਰਸ਼ਨ-ਪੱਤਰ ਜਿਹਾ ਬਣ ਕੇ ਹੀ ਮਿਲਦਾ ਹੈ। ਅਸੀਂ ਉਸ ਤੋਂ ਦੁਆਵਾਂ ਤੇ ਨਜ਼ਮਾਂ ਵਰਗਾ ਕੁਝ ਤਲਾਸ਼ਦੇ ਹੀ ਰਹਿ ਜਾਂਦੇ ਹਾਂ।ਕਈ ਵਾਰੀ ਲਵਮੈਰਿਜ ਕਰਵਾ ਕੇ ਭੱਜੇ ਜਵਾਕ ਜਦ ਕਾਰ ਵਿਚ ਬੈਠਦੇ ਹਨ, ਲਵ ਤਾਂ ਬਾਹਰ ਹੀ ਰਹਿ ਜਾਂਦਾ ਹੈ। ਮਗਰੋਂ ਝਾਟਮ-ਝੀਟਾ ਹੁੰਦੇ ਹਨ। ਸਭ ਰਿਸ਼ਤਿਆਂ ਵਿਚ ਸ਼ੱਕ ਦੀਆਂ ਗੱਠਾਂ ਹਨ। ਬਜ਼ੁਰਗਾਂ ਨੂੰ ਜਵਾਨ ਪੀੜ੍ਹੀ ’ਤੇ ਉੱਕਾ ਵਿਸ਼ਵਾਸ ਨਹੀਂ। ਮਾਪਿਆਂ ਨੂੰ ਔਲਾਦ ਦੇ ਕੁਰਾਹੇ ਪੈਣ ਦਾ ਧੁੜਕੂ ਲੱਗਿਆ ਰਹਿੰਦਾ ਹੈ। ਦੋਸਤ ਮਿੱਤਰ ਹਰ ਸਮੇਂ ਲਾਹਾ ਬਿਰਤੀ ਪਾਲ਼ਦੇ ਹਨ। ਨੋਟਾਂ ਦੇ ਨਕਲੀ ਹੋਣ ਦਾ ਖ਼ਦਸ਼ਾ ਹੈ। ਭਗਵੇਂ ਕੱਪੜਿਆਂ ਹੇਠ ਚੋਰ ਤੁਰੇ ਫਿਰਦੇ ਹਨ। ਇਕ ਚੁਟਕਲਾ ਹੈ ਕਿ ਪ੍ਰੇਮੀ ਕਹਿੰਦਾ ਮੈਨੂੰ ਆਖਦੀ ਹੈ ਤੇਰਾ ਪਿਆਰ ਨਕਲੀ ਹੈ ਪਰ ਉਹ ਆਪ ਅੱਖਾਂ ਦੀਆਂ ਪਲਕਾਂ, ਨਹੁੰ, ਸਿਰ ਦੇ ਵਾਲ਼ ਅਤੇ ਗੁੱਤ ਨਕਲੀ ਲਾ ਕੇ ਮੇਰੇ ਕੋਲ਼ ਆਉਂਦੀ ਹੈ। ਹਰ ਪਾਸੇ ਵੱਡੀ ਮਛਲੀ ਛੋਟੀ ਨੂੰ ਹੜੱਪਣ ਦੇ ਆਹਰ ਵਿਚ ਹੈ। ਰਹਿੰਦੀ ਕਸਰ ਨਕਲੀ ਬੁੱਧੀ ਨੇ ਕੱਢ ਦਿੱਤੀ ਹੈ ਪਤਾ ਨਹੀਂ ਕੀ ਦਾ ਕੀ ਬਣਾ ਧਰਦੇ ਹਨ। ਸਭ ਦੀ ਸੁਰਤ ਮਾਰ ਰੱਖੀ ਹੈ, ਕਰੀਏ ਤਾਂ ਕੀ ਕਰੀਏ। ਮੈਂ ਇਕ ਥਾਂ ਪੜ੍ਹਿਆ ਸੀ ਦੂਜੇ ਨੂੰ ਪਰਖਣ ਦੇ ਦੋ ਤਰੀਕੇ ਹਨ। ਪਹਿਲਾ ਇਹ ਕਿ ਸਭ ਨੂੰ ਬੱਸ ਬੁਰਾ ਹੀ ਮੰਨੋਂ ਜਦ ਤੱਕ ਉਹ ਚੰਗਾ ਸਿੱਧ ਨਾ ਹੋ ਜਾਵੇ। ਦੂਜਾ ਇਹ ਕਿ ਸਭ ਨੂੰ ਚੰਗਾ ਹੀ ਮੰਨੋਂ ਜਦ ਤੱਕ ਉਹ ਧੋਖਾ ਨਾ ਦੇਵੇ। ਮੈਨੂੰ ਦੂਜਾ ਤਰੀਕਾ ਵਧੀਆ ਲਗਦਾ ਹੈ। ਘੱਟੋਘੱਟ ਆਪ ਤਾਂ ਸ਼ੁੱਧ ਵਰਤਾਅ ਕਰੀਏ।

**ਪਛਤਾਵਾ ਹੋ ਗਿਆ ਕਿਉਂ ਇਨਕਾਰ ਰਿਸ਼ਤਿਆਂ ਦਾ**
**ਕਿਉਂ ਲਗਦਾ ਏਸ ਉਮਰੇ ਇਉਂ ਭਾਰ ਰਿਸ਼ਤਿਆਂ ਦਾ**
**ਮਰਿਆ ਹੈ ਮੋਹ ਵਿਹੂਣਾ ਤਸਵੀਰ ਬਣ ਗਿਆ ਹੈ**
**ਕਰੇ ਹਾਰ ਪਾ ਕੇ ਦੁਨੀਆਂ ਸਤਿਕਾਰ ਰਿਸ਼ਤਿਆਂ ਦਾ।**

(ਸਤਨਾਮ ਕੋਮਲ)

# ਸਰਦੀਆਂ ’ਚ ਨਿਆਮਤ ਹੈ ਮੋਠ ਬਾਜਰੇ ਦੀ ਖਿਚੜੀ



**ਰਮੇਸ਼ ਸੇਠੀ ਬਾਦਲ**
**98766 27 233**





ਸਾਡਾ ਪੁਰਾਤਣ ਖਾਣ ਪਾਣ ਰੁੱਤਾਂ ਅਤੇ ਮੌਸਮ ਦੇ ਅਨਕੂਲ ਹੀ ਬਣਾਇਆ ਗਿਆ ਹੈ । ਬਹੁਤੇ ਖਾਣ ਪੀਣ ਦੇ ਪਦਾਰਥ ਤਾਂ ਕੁਦਰਤ ਨੇ ਹੀ ਇਸ ਤਰਾਂ ਬਣਾਏ ਹਨ ਕਿ ਉਹ ਰੁੱਤ ਅਤੇ ਮੌਸਮ ਅਨਸਾਰ ਸਰੀਰ ਨੂੰ ਗਰਮੀ ਤੇ ਸਰਦੀ ਦਿੰਦੇ ਹਨ। ਇਹਨਾ ਪਦਾਰਥਾਂ ਦੀ ਤਾਸੀਰ ਮੌਸਮ ਅਨੁਸਾਰ ਹੀ ਗਰਮ ਤੇ ਠੰਡੀ ਹੁੰਦੀ ਹੈ।ਜਿਸਮ ਨੂੰ ਠੰਡ ਜਾ ਗਰਮੀ ਦੇਣ ਲਈ ਇਹ ਪਦਾਰਥ ਉਸ ਰੁੱਤ ਚ ਹੀ ਖਾਣੇ ਚੰਗੇ ਲੱਗਦੇ ਹਨ। ਅੱਜ ਕੱਲ ਸ਼ਬਜੀਆਂ ਫਲ ਬੇਰੁੱਤੇ ਪੈਦਾ ਕੀਤੇ ਜਾਂਦੇ ਹਨ ਅਤੇ ਬਿਨਾ ਰੁੱਤ ਤੌ ਹੀ ਖਾਧੇ ਜਾਂਦੇ ਹਨ ਜਿਹਨਾਂ ਨੂੰ ਹਰ ਸਰੀਰ ਸਹਿਣ ਨਹੀ ਕਰ ਸਕਦਾ ਤੇ ਉਹ ਜਿਸਮ ਨੂੰ ਤਾਕਤ ਊਰਜਾ ਦੇਣ ਦੀ ਬਜਾਇ ਉਲਟਾ ਨੁਕਸਾਨ ਕਰਦੇ ਹਨ। ਇਸ ਨਾਲ ਮਨੁੱਖ ਨੂੰ ਤਰਾਂ ਤਰਾਂ ਦੀਆਂ ਬੀਮਾਰੀਆਂ ਲੱਗਦੀਆਂ ਹਨ।ਅੱਜ ਤਕਰੀਬਨ ਹਰ ਵਿਅਕਤੀ ਹੀ ਕਿਸੇ ਨਾ ਕਿਸੇ ਰੋਗ ਤੋ ਪੀੜਤ ਹੈ ਤੇ ਉਸਦੀ ਬੀਮਾਰੀ ਦੀ ਵਜ੍ਹਾ ਵੀ ਇਹ ਗਲਤ ਤੇ ਬੇਰੁੱਤਾ ਖਾਣ ਪਾਣ ਹੀ ਹੈ।

ਗਰਮੀਆਂ ਵਿੱਚ ਨਿੰਬੂ ਦੀ ਸਿਕੰਜਮੀ, ਅੰਬਪਾਣੀ, ਠਿੰਡਆਈ ਸਰਬਤ, ਸਕੱਰਪਾਣੀ ਦੀ ਤਾਸੀਰ ਠੰਡੀ ਹੋਣ ਕਰਕੇ ਪੀਤੇ ਜਾਦੇ ਹਨ।ਤੇ ਸਰਦੀਆਂ ਵਿੱਚ ਛੁਹਾਰੇ ਵਾਲਾ ਗਰਮ ਦੁੱਧ। ਇਸ ਤਰਾਂ ਸਰਦੀਆਂ ਦੇ ਫਲ ਵੀ ਗਰਮੀਆਂ ਦੇ ਫਲਾਂ ਨਾਲੋ ਵੱਖਰੇ ਹੁੰਦੇ ਹਨ। ਸਰਦੀਆਂ ਵਿੱਚ ਲੋਕ ਮੂੰਗਫਲੀ, ਤਿਲ੍ਹ ਗੱਚਕ, ਮੱਕੀ ,ਬਾਜਰੀ ਖਜੂਰਾਂ ਆਦਿ ਖਾਂਦੇ ਹਨ ਇਸ ਨਾਲ ਸਰਦੀ ਤੌ ਬਚਾਵ ਹੁੰਦਾ ਹੈ। ਮੀਂਹ ਦੀ ਰੁੱਤੇ ਸਾਉਣ ਦੇ ਮਹੀਨੇ ਲੋਕੀ ਮੱਠੀਆਂ ਗੁਲਗਲੇ, ਪੂੜੇ ਖਾਂਦੇ ਹਨ। ਮੋਠ ਬਾਜਰੇ ਦੀ ਖਿਚੜੀ ਮੁੱਖ ਰੂਪ ਵਿੱਚ ਤਾਂ ਰਾਜਸਥਾਨੀ ਵਿਰਸੇ ਨਾਲ ਜੁੜਿਆ ਖਾਣਾ ਹੈ ਪਰ ਇਹ ਪੰਜਾਬ ਹਰਿਆਣਾ ਤੇ ਹੋਰ ਰਾਜਾਂ ਵਿੱਚ ਵੀ ਬਹੁਤ ਪ੍ਰਚਲਤ ਹੈ।ਕਿਉਕਿ ਬਾਜਰੇ ਅਤੇ ਮੋਠਾਂ ਦੀ ਤਾਸੀਰ ਗਰਮ ਹੁੰਦੀ ਹੈ । ਇਹ ਸਰੀਰ ਨੂੰ ਗਰਮੀ ਦਿੰਦੇ ਹਨ। ਸਭ ਤੋ ਪਹਿਲਾਂ ਬਾਜਰੇ ਨੂੰ ਗਿੱਲਾ ਕਰਕੇ ਉਖਲੀ ਵਿੱਚ ਕੁੱਟਿਆ ਜਾਂਦਾ ਹੈ। ਫਿਰ ਸੁਕਾ ਕੇ ਵਿੱਚ ਮੋਠ ਅਤੇ ਚਾਵਲ ਮਿਲਾਏ ਜਾਂਦੇ ਹਨ। ਪਹਿਲਾਂ ਤੇ ਹਾਰੀ ਤੇ ਮਿੱਟੀ ਦੇ ਕੁੱਜੇ ਵਿੱਚ ਇਸ ਨੂੰ ਰਿੰਨਿਆ ਜਾਂਦਾ ਸੀ। ਪਰ ਅੱਜ ਕੱਲ ਕੂਕਰ ਤੇ ਸੀਟੀਆਂ ਵਜਾਕੇ ਇਹ ਕੰਮ ਕੀਤਾ ਜਾਂਦਾ ਹੈ। ਰਿੰਨੀ ਹੋਈ ਇਸ ਖਿੱਚੜੀ ਨੂੰ ਖਾਣ ਦੇ ਵੀ ਦੋ ਤਰੀਕੇ ਹਨ। ਕਈ ਲੋਕ ਇਸ ਖਿੱਚੜੀ ਵਿੱਚ ਖੰਡ ਜਾ ਗੁੜ ਪਾਕੇ ਦੁੱਧ ਨਾਲ ਖਾਂਦੇ ਹਨ।ਇਸ ਨਾਲ ਇਸ ਦਾ ਸਵਾਦ ਮਿੱਠਾ ਹੋ ਜਾਂਦਾ ਹੈ। ਪਰ ਕਈ ਲੋਕ ਇਸ ਨੂੰ ਅਦਰਕ ਅਤੇ ਲਾਲ ਮਿਰਚ ਦਾ ਤੜਕਾ ਲਾਕੇ ਦਹੀ ਨਾਲ ਖਾਂਦੇ ਹਨ। ਪਿੰਡਾਂ ਵਿੱਚ ਕਿਉਕਿ ਖੱਟੀ ਲੱਸੀ ਆਮ ਮਿਲ ਜਾਂਦੀ ਹੈ ਲੋਕ ਦਹੀ ਦੀ ਬਜਾਇ ਲੱਸੀ ਪਾਕੇ ਖਾਂਦੇ ਹਨ। ਖਾਣ ਦੇ ਢੰਗ ਵੱਖਰੇ ਵੱਖਰੇ ਹੁੰਦੇ ਹਨ। ਕਈ ਲੋਕ ਖਿੱਚੜੀ ਦੀ ਬਜਾਇ ਲੱਸੀ ਨੂੰ ਹੀ ਤੜਕਾ ਲਾਉਂਦੇ ਦੇਖੇ ਗਏ ਹਨ। ਚਾਹੇ ਮੌਜੂਦਾ ਯੁੱਗ ਵਿੱਚ ਚਮਚ ਦਾ ਚਲਣ ਵੱਧ ਗਿਆ ਹੈ ਤੇ ਲੋਕ ਚਮਚੇ ਨਾਲ ਖਿੱਚੜੀ ਖਾਂਦੇ ਹਨ। ਪਰ ਹੱਥ ਨਾਲ ਦਹੀ ਮਿਲਾਕੇ ਖਾਣ ਦਾ ਸਵਾਦ ਹੀ ਵੱਖਰਾ ਹੈ।

ਅੱਜ ਕੱਲ ਦੀ ਜਨਰੇਸ਼ਨ ਜ਼ੌ ਫਾਸਟ ਫੂਡ ਦੀ ਅੰਨੀ ਸੌਕੀਨ ਹੈ ਇਹਨਾ ਨਿਆਮਤਾਂ ਤੌ ਅਣਜਾਣ ਹੈ। ਪੁਰਾਣੇ ਬਜੁਰਗ ਇਸ ਖਿੱਚੜੀ ਨੂੰ ਬੜੇ ਚਾਅ ਨਾਲ ਖਾਂਦੇ ਹਨ। ਸਰਦੀਆਂ ਸੁਰੂ ਹੁੰਦੇ ਹੀ ਘਰਾਂ ਵਿੱਚ ਇਕੱਠੀ ਹੀ ਖਿੱਚੜੀ ਕੁੱਟ ਲਈ ਜਾਂਦੀ ਹੈ । ਚਾਹੇ ਅੱਜ ਕੱਲ ਇਹ ਖਿੱਚੜੀ ਬੰਦ ਪੈਕਟਾਂ ਵਿੱਚ ਵੀ ਮਿਲਦੀ ਹੈ। ਪਰ ਘਰ ਦੀ ਬਣਾਈ ਖਿੱਚੜੀ ਦੀ ਰੀਸ ਨਹੀ ਹੁੰਦੀ।

# ਸੋਸ਼ਲ ਮੀਡੀਆ ਸਮੱਗਰੀ ਮੁੜ ਬਣੀ ਚਰਚਾ ਦਾ ਵਿਸ਼ਾ



ਪ੍ਰੋ. ਕੁਲਬੀਰ ਸਿੰਘ
9417153513



ਬੀਤੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਸਮੱਗਰੀ ਅਤੇ ਇੰਟਰਨੈੱਟ ਕਾਨਟੈਂਟ ਅਖ਼ਬਾਰਾਂ ਦੇ ਮੁੱਖ ਪੰਨੇ ਦੀਆਂ ਸੁਰਖੀਆਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਕਦੇ ਮਾਣਯੋਗ ਸੁਪਰੀਮਕੋਰਟ, ਕਦੇ ਰਾਸ਼ਟਰਪਤੀ, ਕਦੇ ਪ੍ਰਧਾਨ ਮੰਤਰੀ, ਕਦੇ ਸੂਝਵਾਨ ਸਿਆਸੀ ਨੇਤਾ ਅਤੇ ਕਦੇ ਸੰਵੇਦਨਸ਼ੀਲ ਲੋਕ ਚਿੰਤਾ ਦਾ ਇਜ਼ਹਾਰ ਕਰ ਰਹੇ ਹਨ।

ਸੁਪਰੀਮ ਕੋਰਟ ਨੇ ਸਖ਼ਤ ਸ਼ਬਦਾਂ ਵਿਚ ਕਿਹਾ ਹੈ ਕੀ ਇੰਟਰਨੈਟ ਮੀਡੀਆ ਲਈ ਸੁਤੰਤਰ ਰੈਗੂਲੇਟਰੀ ਜ਼ਰੂਰੀ ਹੈ ਕਿਉਂਕਿ ਆਨਲਾਈਨ ਇਤਰਾਜ਼ਯੋਗ ਸਮੱਗਰੀ ਨੂੰ ਕੰਟਰੋਲ ਕਰਨਾ ਲਾਜ਼ਮੀ ਹੈ।

ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕੀ ਸੀ.ਬੀ.ਆਈ. ਡਿਜ਼ੀਟਲ ਅਰੈੱਸਟ ਦੇ ਸਾਰੇ ਕੇਸਾਂ ਦੀ ਇਕੱਠੀ ਜਾਂਚ ਕਰੇ। ਸਾਈਬਰ ਅਪਰਾਧ ਦੇ ਖੇਤਰ ਵਿਚ ਡਿਜ਼ੀਅਲ ਅਰੈੱਟਲ ਨਵਾਂ ਪਰ ਖ਼ਤਰਨਾਕ ਤੇ ਡਰਾਉਣਾ ਰੁਝਾਨ ਸਾਹਮਣੇ ਆਇਆ ਹੈ। ਸਾਈਬਰ ਅਪਰਾਧੀ ਵਧੇਰੇ ਕਰਕੇ ਸੀਨੀਅਰ ਨਾਗਰਿਕਾਂ ਨੂੰ ਚੁੰਗਲ ਵਿਚ ਫਸਾਉਂਦੇ ਹਨ। ਇਕ ਅਨੁਮਾਨ ਅਨੁਸਾਰ ਅਜਿਹੇ ਸੀਨੀਅਰ ਨਾਗਰਿਕਾਂ ਕੋਲੋਂ ਹੁਣ ਤੱਕ 3000 ਕਰੋੜ ਰੁਪਏ ਦੀ ਹੇਰਾਫੇਰੀ ਕੀਤੀ ਜਾ ਚੁੱਕੀ ਹੈ। ਸੁਪਰੀਮ ਕੋਰਟ ਨੇ ਹੈਰਾਨੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਅਜਿਹਾ ਕਿਵੇਂ ਸੰਭਵ ਹੋ ਸਕਦਾ ਹੈ ?

ਉਧਰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਏ.ਆਈ. ਦੀ ਗਲਤ ਵਰਤੋਂ ਰੋਕੀ ਜਾਣੀ ਜ਼ਰੂਰੀ ਹੈ ਅਤੇ ਇਸ ਮਕਸਦ ਲਈ ਵਿਸ਼ਵ ਸਮਝੌਤਾ ਕੀਤਾ ਜਾਣਾ ਚਾਹੀਦਾ ਹੈ। ਨਿੱਤ ਨਵੀਆਂ ਤਕਨੀਕਾਂ ਆਉਣੇ ਬਾਵਜੂਦ ਵਿਅਕਤੀ ਦੀ ਨਿੱਜਤਾ ਅਤੇ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਉਨ੍ਹਾਂ ਹੋਰ ਕਿਹਾ ਕੀ ਡੀਪਫੇਕ @ਚ ਏ.ਆਈ. ਦੀ ਵਰਤੋਂ ਚਿੰਤਾਜਨਕ ਹੈ। ਏ.ਆਈ. ਦੇ ਇਸ ਯੁੱਗ ਵਿਚ ਮਨੁੱਖ ਨੂੰ ਆਪਣਾ ਨਜ਼ਰੀਆ ਬਦਲਣ ਦੀ ਲੋੜ ਹੈ।

ਰਾਜ ਸਭਾ ਨੂੰ ਸੰਬੋਧਨ ਕਰਦੇ ਹੋਏ ਸੰਸਦ ਮੈਂਬਰ ਸੁਧਾ ਮੂਰਤੀ ਨੇ ਜ਼ੋਰ ਦੇ ਕੇ ਕਿਹਾ ਕਿ ਇੰਟਰਨੈੱਟ ਮੀਡੀਆ 'ਤੇ ਬੱਚਿਆਂ ਨੂੰ ਸਮਗਰੀ ਵਿਖਾਉਣ ਸੰਬੰਧੀ ਸਪੱਸ਼ਟ ਨਿਯਮ ਬਣਾਏ ਜਾਣੇ ਚਾਹੀਦੇ ਹਨ। ਬਹੁਤ ਸਾਰੀ ਸਮੱਗਰੀ ਅਜਿਹੀ ਹੈ ਜਿਸਨੂੰ ਬੱਚਿਆਂ ਨੂੰ ਵਿਖਾਉਣ ਦੀ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਗਿਆ ਹੈ ਪਰ ਉਹ ਬੱਚਿਆਂ ਨੂੰ ਵਿਖਾਉਣ ਯੋਗ ਨਹੀਂ ਹੈ। ਇੰਝ ਕਰਕੇ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਖੋਹਿਆ ਜਾ ਰਿਹਾ ਹੈ। ਪੂਰਾ ਧਿਆਨ ਕੇਵਲ ਕਮਾਈ ਕਰਨ @ਤੇ ਕੇਂਦਰਿਤ ਕੀਤਾ ਹੋਇਆ ਹੈ। ਉਨ੍ਹਾਂ ਫਰਾਂਸ ਸਮੇਤ ਕਈ ਮੁਲਕਾਂ ਦੀ ਉਦਾਹਰਨ ਦਿੱਤੀ ਜਿੱਥੇ ਇਨ੍ਹਾਂ ਗੱਲਾਂ ਦਾ ਖ਼ਿਆਲ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਜੋ ਉਨ੍ਹਾਂ ਦੀ ਸ਼ਖ਼ਸੀਅਤ ਉਸਾਰੀ ਇਸਦੇ ਮੱਦੇ-ਨਜ਼ਰ ਹੋਣੀ ਚਾਹੀਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਜੇਕਰ ਨਿਯਮ ਕਾਨੂੰਨ ਨਾ ਬਣਾਇਆ ਗਿਆ ਤਾਂ ਭਵਿੱਖ ਵਿਚ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ।

ਉਧਰ ਆਸਟਰੇਲੀਆ ਦੀ ਸਰਕਾਰ ਵੱਲੋਂ ਇਸ ਸਿਲਸਿਲੇ ਵਿਚ ਲਿਆ ਗਿਆ ਫੈਸਲਾ 10 ਦਸੰਬਰ ਤੋਂ ਲਾਗੂ ਹੋਣ ਜਾ ਰਿਹਾ ਹੈ। ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਰੋਕ ਸ਼ੁਰੂ ਹੋ ਜਾਵੇਗੀ। ਤਕਨੀਕੀ ਕੰਪਨੀਆਂ ਅਤੇ ਸਰਕਾਰ ਨੇ ਤਿਆਰੀਆਂ ਮੁਕੰਮਲੀ ਕਰ ਲਈਆਂ ਹਨ। ਸੋਲਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਯੂਟਿਊਬ, ਫੇਸਬੁੱਕ, ਟਿਕ-ਟੋਕ, ਇੰਸਟਾਗ੍ਰਾਮ, ਸਨੈਪਚੈਟ, ਰੈਡਿਫ਼ ਆਦਿ ਪਲੈਟਫ਼ਾਰਮਾਂ 'ਤੇ ਅਕਾਊਂਟ ਬਨਾਉਣਾ ਜਾਂ ਵਰਤਣਾ ਵਰਜਿਤ ਹੋ ਜਾਏਗਾ।

ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਥਨੀ ਅਲਬਨੀਜ਼ ਨੇ ਇਸ ਸੰਬੰਧ ਵਿਚ ਕਿਹਾ, ਬੱਚਿਆਂ ਦੀ ਮਾਨਸਿਕ ਸਿਹਤ ਅਤੇ ਸੁਰੱਖਿਆ ਸਾਡੀ ਪਹਿਲੀ ਪਹਿਲ ਹੈ।


ਦੂਸਰੇ ਪਾਸੇ ਕੁਝ ਧਿਰਾਂ ਦਾ ਕਹਿਣਾ ਹੈ ਕਿ ਰੋਕ ਲਾਉਣ ਦੀ ਬਜਾਏ ਸੋਸ਼ਲ ਮੀਡੀਆ ਤੋਂ ਗਲਤ ਸਮੱਗਰੀ, ਗਲਤ ਚੀਜ਼ਾਂ ਹਟਾਉਣੀਆਂ ਚਾਹੀਦੀਆਂ ਹਨ।

ਇਧਰ ਭਾਰਤ ਸਰਕਾਰ ਨੇ ਵਟਸਐਪ, ਸਿਰਪੁਲ, ਸਨੈਪਚੈਟ, ਟੈਲੀਗ੍ਰਾਮ, ਸ਼ੇਅਰ ਚੈਟ, ਜਿਓਚੈਟ ਜਿਹੀਆਂ ਸੇਵਾਵਾਂ @ਤੇ ਸਖ਼ਤੀ ਕਰਦਿਆਂ ਕਿਹਾ ਹੈ ਕਿ ਹੁਣ ਇਨ੍ਹਾਂ ਸੇਵਾਵਾਂ ਸਰਗਰਮ ਸਿਮ ਤੋਂ ਬਗੈਰ ਜਾਰੀ ਨਹੀਂ ਰਹਿਣਗੀਆਂ। ਨਵੀਆਂ ਸ਼ਰਤਾਂ ਲਾਗੂ ਕਰਦਿਆਂ ਸੰਬੰਧਤ ਮਹਿਕਮੇ ਨੇ ਸਪਸ਼ਟ ਕੀਤਾ ਕਿ ਹੁਣ ਪਹਿਲਾ ਵਾਂਗ ਸਹੂਲਤ ਨਹੀਂ ਰਹੇਗੀ। ਪਹਿਲਾਂ ਇਕ ਵਾਰ ਵੈਰੀਫਿਕੇਸ਼ਨ ਹੋ ਜਾਣ @ਤੇ ਬਿਨ੍ਹਾਂ ਸਿਮ ਤੋਂ ਵੀ ਐਪ ਚੱਲਦਾ ਰਹਿੰਦਾ ਸੀ। ਇਹੀ ਨਹੀਂ ਹੁਣ ਹਰੇਕ ਛੇ ਘੰਟੇ ਬਾਅਦ ਵਰਤਣ ਵਾਲੇ ਨੂੰ ਆਟੋ-ਲਾਗ-ਆਊਟ ਕਰਨਾ ਹੋਵੇਗਾ।

ਬੀਤੇ ਕਈ ਦਿਨਾਂ ਤੋਂ ਸੰਚਾਰ ਸਾਥੀ ਐਪ ਦਾ ਬਹੁਤ ਰੌਲਾ ਪਿਆ ਹੋਇਆ ਹੈ। ਦੂਰਸੰਚਾਰ ਮਹਿਕਮੇ ਨੇ ਸਮਾਰਟ ਫੋਨ ਕੰਪਨੀਆਂ ਨੂੰ ਕਿਹਾ ਸੀ ਕਿ 90 ਦਿਨਾਂ ਅੰਦਰ ਮਾਰਕਿਟ ਵਿਚ ਆਉਣ ਵਾਲੇ ਨਵੇਂ ਮੋਬਾਈਲ ਫੋਨਾਂ ਵਿਚ ਸਰਕਾਰੀ ਸਾਈਬਰ ਸੁਰੱਖਿਆ ਐਪ ਸੰਚਾਰ ਸਾਥੀ ਨੂੰ ਪ੍ਰੀ ਲੋਡ ਕਰਨਾ ਹੋਵੇਗਾ। ਖ਼ਬਰ ਆਉਂਦੇ ਸਾਰ ਹੋ-ਹੱਲਾ ਮੱਚ ਗਿਆ ਅਤੇ ਮਹਿਕਮੇ ਨੂੰ ਆਪਣਾ ਫੈਸਲਾ ਵਾਪਿਸ ਲੈਣਾ ਪਿਆ। ਕੇਂਦਰੀ ਮੰਤਰੀ ਜਯੋਤਿਰਾਦਿੱਤਿਆ ਸਿੰਧੀਆ ਨੇ ਸੰਸਦ ਵਿਚ ਸੰਬੋਧਨ ਕਰਦੇ ਹੋਏ ਦੱਸਿਆ ਕਿ ਐਪ ਪਹਿਲਾਂ ਤੋਂ ਇੰਸਟਾਲ ਨਹੀਂ ਹੋਵੇਗਾ ਬਲ ਕਿ ਲੋਕ ਆਪਣੀ ਮਰਜ਼ੀ ਨਾਲ ਡਾਊਨਲੋਡ ਕਰ ਸਕਣਗੇ।

ਦੂਸਰੇ ਪਾਸੇ ਦੁਨੀਆਂ ਦੇ ਲੋਕਾਂ ਦੀ ਨਵੀਂ ਤਕਨੀਕ ਪ੍ਰਤੀ ਦਿਵਾਨਗੀ ਇਸ ਗੱਲ ਤੋਂ ਪਤਾ ਚੱਲਦੀ ਹੈ ਕਿ ਤਿੰਨ ਸਾਲ ਪਹਿਲਾਂ ਅਮਰੀਕੀ ਕੰਪਨੀ ਓਪਨ ਏ ਆਈ ਦੀ ਚੈਟਬਾਟ ਚੈਟਜੀਪੀਟੀ ਨਾਲ ਹੁਣ ਤੱਕ 80 ਕਰੋੜ ਲੋਕ ਜੁੜ ਚੁੱਕੇ ਹਨ ਅਤੇ ਰੋਜ਼ਾਨਾ ਲੱਖਾਂ ਦੀ ਗਿਣਤੀ ਵਿਚ ਹੋਰ ਜੁੜ ਰਹੇ ਹਨ।






ਈਸ਼ਵਰ ਸਿੰਹੁ ਨੂੰ ਪੰਛੀ ਪਾਲਣ ਦਾ ਬਥੇਰਾ ਸ਼ੌਕ ਸੀ । ਕੇਰਾਂ ਕਬੂਤਰਾਂ ਦੀ ਬਾਜ਼ੀ ਜਿੱਤਣ ਉੱਤੇ ਉਹਨੂੰ 5100 ਰੁਪਏ ਮਿਲੇ ਤੇ ਉਹਨੇ ਬਜ਼ਾਰੋਂ ਆਉਂਦੇ ਨੇ ਸੁਨਿਆਰੇ ਤੋਂ ਕੁੱਕੜ ਲਈ ਚਾਂਦੀ ਦੀਆਂ ਨੱਤੀਆਂ ਖਰੀਦ ਲਈਆਂ ਤੇ ਘਰ ਜਾਂਦੇ ਨੂੰ ਉਸਦੀ ਘਰਵਾਲੀ ਭੀਰੋ ਨੱਤੀਆਂ ਦੇਖ ਬਹੁੜੀ ਬਹੁੜੀ ਕਰਨ ਲੱਗੀ , ਮੈਨੂੰ ਤਾਂ ਕਦੇ ਮਲਮਲ ਦੀ ਚੁੰਨੀ ਵੀ ਨਹੀਂ ਸਰੀ ਤੇਰੇ ਤੋਂ , ਇਹ ਕੁੱਤੇ ਬਿੱਲੇ ਤੇਰੇ ਤੇਰੇ ਸਕੇ ਹੋਗੇ । ਬਦਲੇ ਲੈ ਲਏ ਤੂੰ ਤਾਂ ਸਾਡੇ । ਈਸ਼ਵਰ ਨੇ ਭੀਰੋ ਦੀ ਗੱਲ ਇੱਕ ਕੰਨ੍ਹ 'ਚ ਪਾ ਦੂਜੇ 'ਚੋ ਕੱਢ ਦਿੱਤੀ ਤੇ ਖੁੱਡੇ ਕੋਲ ਜਾ ਚਿੱਟੇ ਕੁੱਕੜ ਦੇ ਨੱਤੀਆਂ ਪਾ ਕੇ ਕਹਿੰਦਾ , ਲੈ ਸ਼ੇਰ ਬੱਗਿਆ,ਹੁਣ ਨੀ ਕਦੇ ਹਾਰੀ ਕਿਸੇ ਤੋਂ , ਅਗਲੀ ਵਾਰ ਕੈਠਾ ਲੈ ਕੇ ਦੇਊ ... ਐਨਾ ਕਹਿ ਕੁੱਕੜ ਨੂੰ ਚੁੰਮ ਲਿਆ ਤੇ ਫਿਰ ਕਬੂਤਰਾਂ ਨੂੰ ਚੋਗਾ ਪਾਉਣ ਲੱਗ ਗਿਆ । ਸ਼ੌਕੀਨ ਐਨਾ ਸੀ ਕਿ ਪਿੰਡ ਦੀ ਘੁਮਿਆਰੀ ਤੋਂ ਘੋੜੀ ਦੇ ਪੈਰਾਂ ਲਈ ਫੁੱਲਾਂ ਵਾਲੀਆਂ ਝਾਂਜਰਾਂ ਬਣਵਾਈਆਂ ਕਿ ਐਂਤਕੀਂ ਮੇਲੇ 'ਤੇ ਇਹੀ ਪਾ ਕੇ ਲੈ ਕੇ ਜਾਊ । ਘਰ ਭਾਵੇਂ ਈਸ਼ਵਰ ਦੀ ਕਦਰ ਘੱਟ ਹੀ ਸੀ ,ਸਾਰਾ ਟੱਬਰ ਭੱਜ ਭੱਜ ਪੈਂਦਾ ਉਹਨੂੰ ਕਿ ਕੁੱਤੇ ਬਿੱਲੇ ਸਾਡੇ ਸ਼ਰੀਕ ਬਣਾ ਛੱਡੇ ਹਨ ..।

ਈਸ਼ਵਰ ਸਿਹੁੰ ਇੱਕ ਦਿਨ ਸੁੱਤਾ ਪਿਆ ਨਾ ਉੱਠਿਆ । ਘਰਦਿਆਂ ਡਾਕਟਰ ਬੁਲਾਇਆ ਤਾਂ ਡਾਕਟਰ ਨੇ ਕਿਹਾ ਕਿ ਹੈਨੀ ਕੁਛ ਵਿੱਚ , ਦੌਰਾ ਪੈ ਗਿਆ । ਘਰ 'ਚ ਵਿਰਲਾਪ ਹੋਣ ਲੱਗਾ ਤੇ ਈਸ਼ਵਰ ਦੇ ਪਾਲੇ ਜਾਨਵਰ ਕਿੱਲੇ ਤੁੜਵਾਉਣ ਲੱਗੇ ਤੇ ਕੁੱਕੜ ,ਕਬੂਤਰ ਖੁੱਡੇ ਦੀ ਜਾਲੀ 'ਤੇ ਸਿਰ ਪਟਕਣ ਲੱਗੇ । ਬੰਦਿਆਂ ਨਾਲੋਂ ਵੱਧ ਵਿਰਲਾਪ ਜਾਨਵਰ ਕਰ ਰਹੇ ਸਨ । ਘੋੜੀ ਦੇ ਅੱਖਾਂ ਚੋ ਤਿੱਪ ਤਿੱਪ ਹੰਝੂ ਆ ਰਹੇ ਸਨ । ਭੀਰੋ ਨੇ ਸਾਰੇ ਜਾਨਵਰ ਅਜ਼ਾਦ ਕਰ ਦਿੱਤੇ ਤੇ ਉਹ ਆਣ ਈਸ਼ਵਰ ਸਿਹੁੰ ਦੀ ਲਾਸ਼ ਕੋਲ ਬੈਠ ਗਏ । ਸਾਰੇ ਲੋਕ ਜਾਨਵਰਾਂ ਤੋਂ ਡਰਦੇ ਪਿੱਛੇ ਹੋ ਗਏ । ਘੋੜੀ ਕੋਲ ਨੀਵੀਂ ਪਾ ਬੈਠੀ ਅੱਥਰੂ ਸੁੱਟਦੀ ਰਹੀ ਤੇ ਕਦੇ ਕਦੇ ਈਸ਼ਵਰ ਸਿੰਹੁ ਦੇ ਪੈਰ ਚੱਟਣ ਲੱਗ ਜਾਂਦੀ । ਮੁਰਕੀਆਂ ਵਾਲਾ ਕੁੱਕੜ ਉਸਦੇ ਹੱਥ ਤੇ ਪੋਲੀਆਂ ਪੋਲੀਆਂ ਠੂੰਗਾਂ ਮਾਰ ਰਿਹਾ ਸੀ । ਕਬੂਤਰ ਧੌਣਾਂ ਸੁੱਟੀ ਬਿਲਕੁਲ ਸ਼ਾਂਤ ਬੈਠੇ ਸਨ । ਹੈਰਾਨੀ ਦੀ ਗੱਲ ਸੀ ਕਿ ਦੋ ਦਿਨ ਕਿਸੇ ਜਾਨਵਰ ਨੇ ਕੁਛ ਨਾ ਖਾਧਾ ।

ਭੋਗ ਤੋਂ ਮਗਰੋਂ ਭੀਰੋ ਨੂੰ ਰ ਜਾਨਵਰਾਂ ਦਾ ਮੋਹ ਆਉਣ ਲੱਗਾ ਤੇ ਉਹ ਹੌਲ ਜਿਹੇ ਪੈਣ ਤੇ ਜਾਨਵਰਾਂ ਕੋਲ ਵਾਰ ਵਾਰ ਜਾਂਦੀ ਤੇ ਆਖਦੀ ਕਿ ਧੋਖਾ ਦੇ ਗਿਆ ਆਪਾਂ ਨੂੰ ਚੰਦਰਾ । ਕਦੇ ਕਦੇ ਘੋੜੀ ਕੋਲ ਜਾ ਘੋੜੀ ਨੂੰ ਪਿਆਰਨ ਲੱਗ ਜਾਂਦੀ । ਹੁਣ ਭੀਰੋ ਨੇ ਜਾਨਵਰਾਂ ਦੀ ਦੇਖ ਰੇਖ ਦਾ ਕੰਮ ਆਪ ਸਾਂਭ ਲਿਆ , ਉਹਨਾਂ ਦੇ ਆਹਰੇ ਲੱਗੀ ਨੂੰ ਉਹਨੂੰ ਈਸ਼ਵਰ ਦਾ ਵਿਛੋੜਾ ਭੁੱਲਣ ਲੱਗਾ। ਭੀਰੋ ਸਮਝ ਗਈ ਸੀ ਕਿ ਬੰਦਿਆਂ ਜੀਕਣ ਜਾਨਵਰ ਵੀ ਮੋਹ ਦੇ ਭੁੱਖੇ ਹੁੰਦੇ ਹਨ । ਸਾਰੇ ਜਨੌਰ ਭੀਰੋ ਦਾ ਤਿਹੁ ਕਰਨ ਲੱਗੇ ਤੇ ਜੇ ਕਦੇ ਉਹ ਪੇਕੇ ਇੱਕ ਅੱਧੀ ਰਾਤ ਚਲੀ ਜਾਂਦੀ ਤਾਂ ਉਸਦੇ ਆਏ ਤੋਂ ਹੀ ਕੁਛ ਖਾਂਦੇ ।

ਇੱਕ ਦਿਨ ਭੀਰੋ ਨੇ ਦੁੱਧ ਵੇਚ ਜੁੜੇ ਪੈਸਿਆਂ ਦੀਆਂ ਕੁੱਕੜ ਲਈ ਸੋਨੇ ਦੀਆਂ ਨੱਤੀਆਂ ਖਰੀਦ ਲਈਆਂ ਤੇ ਗੁਆਂਢਣ ਨੇ ਬੁੱਲ ਟੇਰ ਕਿਹਾ , ਤੈਨੂੰ ਕਿੱਥੋਂ ਈਸ਼ਵਰ ਦੀ ਗੁੜਤੀ ਮਿਲਗੀ , ਆਵਦੀ ਕੋਈ ਚੀਜ਼ ਬਣਾਉਂਦੀ ਉਸੇ ਸਿਉਂਨੇ ਦੀ ਜਾਂ ਕਮੇਟੀ ਪਾ ਦਿੰਦੀ ... ਕੁੱਤਿਆਂ ਬਿੱਲਿਆਂ ਦੇ ਕੌਣ ਸੋਨਾ ਪਾਉਂਦਾ । ਭੀਰੋ ਨੇ ਉਸਦੀ ਗੱਲ ਅਣਸੁਣੀ ਕਰ ਨੱਤੀਆਂ ਕੁੱਕੜ ਦੇ ਪਾ ਕੇ ਕਿਹਾ , ਕਿੱਡੀਆਂ ਸੋਹਣੀਆਂ ਲੱਗਦੀਆਂ ਸ਼ੇਰ ਬੱਗੇ ਦੇ.... । ਕੁੱਕੜ ਨੇ ਚਾਬਲ ਕੇ ਭੀਰੇ ਦੇ ਪੋਲੀਆਂ ਠੁੱਗਾਂ ਮਾਰੀਆਂ । ਗੁਆਂਢਣ ਮੂੰਹ ਚ ਬੁੜਬੁੜਾਈ , ਦਿਮਾਗ ਹਿੱਲ ਗਿਆ ਭੀਰੋ ਦਾ ... ਆਵਦੇ ਆਪ ਨੂੰ ਅਹਿਮੀਅਤ ਨਾ ਮਿਲਦ ੀ ਦੇਖ ਗੁਆਂਢਣ ਘਰ ਚਲੀ ਗਈ ।

ਕੁਛ ਕੁ ਇਨਸਾਨ ਤਹਾਨੂੰ ਜਿਉਣ ਦਾ ਸਲੀਕਾ ਸਿਖਾ ਜਾਂਦੇ ਹਨ । ਖੁਦ ਰਹਿਣ ਨਾ ਰਹਿਣ ਪਰ ਤੁਹਾਡੇ ਕੋਲ ਰਹਿਣ ਦੇ ਵਸੀਲੇ ਛੱਡ ਜਾਂਦੇ ਹਨ ।

**#brarjessy**

# ਇੱਕ ਅਧੂਰੀ ਜ਼ਿੰਦਗੀ: ਜਿਸ ਨੂੰ ਅਸੀ ਜਿਉਂਦੇ ਹੀ ਨਹੀਂ।



**ਡਾ. ਸੇਠੀ ਕੇ ਸੀ**
ਲੇਖਕਦਮਨ ,ਇੰਡੀਆ
ਆਕਲੈਂਡ , ਨਿਊਜ਼ੀਲੈਂਡ

1. ਉਹ ਚੁੱਪ ਕੋਨੇ, ਜਿੱਥੇ ਅਸੀਂ ਜਾਣ ਤੋਂ ਕਤਰਾਉਂਦੇ ਹਾਂ

ਕਈ ਵਾਰ ਦਿਨ ਸੁਸਤ ਹੋ ਜਾਂਦਾ ਹੈ, ਤੇ ਦੁਨੀਆ ਦੀ ਭਗਦੜ ਰੁਕ ਜਾਂਦੀ ਹੈ, ਤਾਂ ਇੱਕ ਅਜੀਬ ਜਿਹੀ ਭਾਵਨਾ ਉੱਠਦੀ ਹੈ। ਲੱਗਦਾ ਹੈ ਜ਼ਿੰਦਗੀ ਦਾ ਕੋਈ ਹਿੱਸਾ ਅਸੀਂ ਕਦੇ ਛੂਹਿਆ ਹੀ ਨਹੀਂ। ਇਸ ਬਾਰੇ ਖੁੱਲ੍ਹ ਕੇ ਗੱਲ ਵੀ ਨਹੀਂ ਕੀਤੀ ਜਾਂਦੀ, ਪਰ ਇਹ ਅੰਦਰ ਹੀ ਅੰਦਰ ਇੱਕ ਨਾ ਖੁਲ੍ਹੀ ਚਿੱਠੀ ਵਾਂਗ ਪਈ ਰਹਿੰਦੀ ਹੈ।

ਇਹ ਦੂਜੀ ਜ਼ਿੰਦਗੀ ਜਿਸ ਨੂੰ ਅਸੀਂ ਜੀਣਾ ਚਾਹੰਦੇ ਸੀ ਪਰ ਜੀ ਨਾ ਸਕੇ, ਇੱਕ ਹੋਰ ਤਰ੍ਹਾਂ ਦਾ ਵਜ਼ਨ ਰੱਖਦੀ ਹੈ। ਨਾ ਇਹ ਪਛਤਾਵੇ ਵਾਂਗ ਚੁਭਦੀ ਹੈ, ਨਾ ਗਿਲ਼ੇ ਵਾਂਗ ਡਰਾਉਂਦੀ ਹੈ। ਬਸ ਚੁੱਪਚਾਪ ਮੌਜੂਦ ਰਹਿੰਦੀ ਹੈ ਜਦੋਂ ਅਸੀਂ ਕਿਸੇ ਨੂੰ ਉਹ ਕੰਮ ਕਰਦਾ ਦੇਖਦੇ ਹਾਂ ਜੋ ਅਸੀਂ ਕਦੇ ਸੋਚਿਆ ਸੀ, ਜਾਂ ਕੋਈ ਪੁਰਾਣੀ ਇੱਛਾ ਅਚਾਨਕ ਯਾਦ ਆ ਜਾਂਦੀ ਹੈ।

ਡਾ. ਸੇਠੀ ਵੀ ਅਕਸਰ ਲਿਖਦੇ ਹਨ ਕਿ ਇਹ ਨਾ ਜੀਆ ਹਿੱਸਾ ਸਾਡੇ ਅਸਲ ਰੂਪ ਦੀ ਪਰਛਾਂਈ ਵਰਗਾ ਹੁੰਦਾ ਹੈ— ਨਾ ਹਨੇਰੀ, ਨਾ ਡਰਾਉਣੀ ਸਿਰਫ਼ ਇੱਕ ਯਾਦ ਹੈ ਕਿ ਅਸੀਂ ਕਦੇ ਕੁਝ ਹੋਰ ਵੀ ਬਣਨਾ ਚਾਹੁੰਦੇ ਸੀ।

2. ਅਸੀਂ ਕਿਵੇਂ ਹੌਲੇ-ਹੌਲੇ ਦੂਰ ਸਰਕ ਜਾਂਦੇ ਹਾਂ

ਲੋਕ ਸੋਚਦੇ ਹਨ ਕਿ ਸੁਪਨੇ ਸ਼ੋਰ ਨਾਲ ਟੁੱਟਦੇ ਹਨ, ਪਰ ਜ਼ਿਆਦਾਤਰ ਸੁਪਨੇ ਚੁੱਪਚਾਪ ਮੁੱਕ ਜਾਂਦੇ ਹਨ। ਜਦੋਂ ਅਸੀਂ ਕਹਿੰਦੇ ਹਾਂ ਬਾਅਦ ਵਿਚ ਕਰਾਂਗੇ, ਤੇ ਉਹ ਬਾਅਦ ਕਦੇ ਨਹੀਂ ਆਉਂਦਾ। ਜਦੋਂ ਦਿਲ ਦੀ ਥਾਂ ਅਕਲ ਫ਼ੈਸਲਾ ਕਰ ਜਾਂਦੀ ਹੈ। ਜਦੋਂ ਜ਼ਿੰਮੇਵਾਰੀਆਂ ਹੌਲੇ-ਹੌਲੇ ਜਗ੍ਹਾ ਘੇਰ ਲੈਂਦੀਆਂ ਹਨ।

ਉਦਾਹਰਣ 1:ਇੱਕ ਔਰਤ ਨੂੰ ਕਵਿਤਾ ਲਿਖਣ ਦਾ ਛੋਟਾ ਜਿਹਾ ਹੁਨਰ ਸੀ। ਜੀਵਨ ਨੇ ਉਸ ਦੀਆਂ ਤਰਜੀਹਾਂ ਬਦਲ ਦਿੱਤੀਆਂ; ਪਰਿਵਾਰ, ਕੰਮ, ਰਿਸ਼ਤੇ। ਸਭ ਕੁਝ ਵਧੀਆ। ਪਰ ਖਾਲੀ ਪੰਨਾ ਵੇਖਦਿਆਂ ਉਸਦਾ ਮਨ ਇੱਕ ਪਲ ਲਈ ਜ਼ਰੂਰ ਰੁਕਦਾ ਸੀ।

ਉਦਾਹਰਣ 2:ਇੱਕ ਦੋਸਤ ਜਿਸਨੂੰ ਆਸਮਾਨ ਬਹੁਤ ਪਿਆਰਾ ਸੀ, ਇੰਜਨੀਅਰ ਬਣ ਗਿਆ ਕਿਉਂਕਿ ਉਹੀ ਸਹੀ ਚੋਣ ਮੰਨੀ ਗਈ। ਚੰਗੀ ਨੌਕਰੀ, ਚੰਗੀ ਕਮਾਈ। ਪਰ ਜਦੋਂ ਵੀ ਦੂਰਬੀਨ ਵੇਖਦਾ, ਦੋ ਪਲ ਜ਼ਰੂਰ ਰੁਕਦਾ ਹੈ ਜੋ ਇਹ ਇਸ਼ਾਰਾ ਕਰਦਾ ਹੈ ਕਿ ਉਸਦੀ ਦੂਜੀ ਜ਼ਿੰਦਗੀ ਅਜੇ ਵੀ ਅੰਦਰ ਵੱਸਦੀ ਹੈ।

ਲੋਕ ਸੁਪਨਾਂ ਤੋਂ ਨਹੀਂ ਭੱਜਦੇ। ਉਹ ਬਸ ਉਹ ਚੁਣਦੇ ਹਨ ਜੋ ਉਸ ਵੇਲੇ ਸੁਰੱਖਿਅਤ ਲੱਗਦਾ ਹੈ। ਤੇ ਸੁਰੱਖਿਆ ਕਈ



ਵਾਰ ਦਿਲ ਦੀ ਆਵਾਜ਼ ਨੂੰ ਮੰਦ ਕਰ ਦਿੰਦੀ ਹੈ।

3. ਜਦੋਂ ਅਸੀਂ ਆਪਣੀ ਜ਼ਿੰਦਗੀ ਦਾ ਰੂਪ ਹੋਰਾਂ ਨੂੰ ਦੇ ਦਿੰਦੇ ਹਾਂ

ਅਸੀਂ ਬਹੁਤ ਆਸਾਨੀ ਨਾਲ ਆਪਣੇ ਅੰਦਰਲੇ ਫੈਸਲੇ ਹੋਰਾਂ ਦੀਆਂ ਗੱਲਾਂ 'ਤੇ ਛੱਡ ਦਿੰਦੇ ਹਾਂ। ਸਮਾਜ ਕੁਝ ਰਾਹਾਂ ਦੀ ਸ਼ਲਾਘਾ ਕਰਦਾ ਹੈ, ਕੁਝ ਨੂੰ ਘੱਟ ਸਮਝਦਾ ਹੈ। ਪਰਿਵਾਰ ਸਥਿਰਤਾ ਚਾਹੁੰਦਾ ਹੈ ਬਸ ਪਿਆਰ ਨਾਲ, ਚਿੰਤਾ ਨਾਲ। ਤੇ ਇਸੀ ਵਿੱਚ ਅਸੀਂ ਕਈ ਵਾਰ ਆਪਣੀ ਪਸੰਦ ਗੁਆ ਲੈਂਦੇ ਹਾਂ।

ਡਾ. ਸੇਠੀ ਕਹਿੰਦੇ ਹਨ, ਨੁਕਸਾਨ ਇਸ ਗੱਲ ਦਾ ਨਹੀਂ ਕਿ ਸੁਪਨਾ ਛੱਡ ਦਿੱਤਾ। ਨੁਕਸਾਨ ਇਸ ਗੱਲ ਦਾ ਹੈ ਕਿ ਅਸੀਂ ਭੁੱਲ ਜਾਂਦੇ ਹਾਂ ਕਿ ਉਹ ਸੁਪਨਾ ਸਾਡਾ ਸੀ।

4. ਜੋ ਛੱਡਿਆ ਸੀ, ਉਸ ਵੱਲ ਮੁੜਨਾ

ਨਾ ਜੀਤੀ ਜ਼ਿੰਦਗੀ ਸਾਨੂੰ ਸਜ਼ਾ ਨਹੀਂ ਦਿੰਦੀ। ਉਹ ਉਡੀਕਦੀ ਹੈ। ਉਹ ਸਾਡੇ ਵਾਂਗ ਬੁੱਢੀ ਨਹੀਂ ਹੁੰਦੀ। ਬਸ ਉਹੀ ਥਾਂ ਟਿਕੀ ਰਹਿੰਦੀ ਹੈ।

ਉਹ ਸਾਡੇ ਤੋਂ ਵੱਡਾ ਯਤਨ ਨਹੀਂ ਮੰਗਦੀ, ਸਿਰਫ਼ ਸਵੀਕਾਰ ਕਰਨ ਲਈ ਕਹਿੰਦੀ ਹੈ । ਕੋਈ ਪੁਰਾਣਾ ਸ਼ੌਕ ਮੁੜ ਚੁੱਕਣਾ, ਕੋਈ ਪੁਰਾਣੀ ਕਿਤਾਬ ਮੁੜ ਖੋਲ੍ਹਣਾ, ਕੋਈ ਦਬੀ ਇੱਛਾ ਨੂੰ ਇੱਕ ਪਲ ਦੇਣਾ, ਇਹ ਸਭ ਦਿਲ ਨੂੰ ਹੌਲਾ ਕਰ ਦਿੰਦਾ ਹੈ।

ਸੁਪਨਾ ਮੁੜ ਆਪਣੇ ਪੁਰਾਣੇ ਰੂਪ ਵਿੱਚ ਨਾ ਵੀ ਆਵੇ, ਪਰ ਨਵੇਂ, ਨਰਮ ਰੂਪ ਵਿੱਚ ਜ਼ਰੂਰ ਵਾਪਸੀ ਕਰ ਸਕਦਾ ਹੈ।

ਡਾ. ਸੇਠੀ ਅਕਸਰ ਲਿਖਦੇ ਹਨ ਕਿ ਮਨ ਉਸ ਵੇਲੇ ਹਲਕਾ ਹੁੰਦਾ ਹੈ ਜਦੋਂ ਅਸੀਂ ਆਪਣੀ ਆਪਣੀ ਸੱਚਾਈ ਨਾਲ ਲੜਨਾ ਛੱਡ ਦਿੰਦੇ ਹਾਂ।

ਅਸਲ ਗੱਲ ਸਧਾਰਨ ਹੈ:

ਇਨਸਾਨ ਪੂਰਾ ਤਦੋਂ ਹੁੰਦਾ ਹੈ, ਜਦੋਂ ਉਹ ਆਪਣੇ ਉਸ ਹਿੱਸੇ ਨੂੰ ਵੀ ਜੀਣਾ ਸ਼ੁਰੂ ਕਰਦਾ ਹੈ, ਜਿਸਨੂੰ ਉਹ ਸਾਲਾਂ ਤੋਂ ਅਣਡਿੱਠਾ ਕਰਦਾ ਆ ਰਿਹਾ ਸੀ।


# ਫਿਲਮ ''ਬੇਗੋ'' ਬਿਲਕੁਲ ਹੀ ਨਿਵੇਕਲਾ ਵਿਸ਼ਾ ਹੈ



ਸ਼ਿਵਚਰਨ ਜੱਗੀ ਕੁੱਸਾ

**ਲਵਲੀ ਸ਼ਰਮਾ ਦੀ ਨਿਰਦੇਸ਼ਨਾ ਹੇਠ ਜਲਦੀ ਪਹੁੰਚੇਗੀ ਸਿਨੇਮਾਘਰਾਂ ਵਿੱਚ ਫਿਲਮ ''ਬੇਗੋ''**

ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਆਪਣੇ ਨਾਵਲਾਂ, ਕਹਾਣੀਆਂ ਕਰਕੇ ਤਾਂ 'ਧੁੱਕੀ-ਕੱਢ' ਲੇਖਕ ਵਜੋਂ ਪ੍ਰਸਿੱਧ ਹਨ ਹੀ, ਹੁਣ ਉਹ ਫਿਲਮ ਲੇਖਕ ਵਜੋਂ ਵੀ ਤਰਥੱਲੀ ਮਚਾਉਣ ਆ ਰਹੇ ਹਨ। ਬਹੁਤ ਸਾਰੀਆਂ ਪੰਜਾਬੀ ਫਿਲਮਾਂ ਲਈ ਸੰਵਾਦ ਲੇਖਕ ਦੇ ਤੌਰ 'ਤੇ ਚਰਚਿਤ ਰਹੇ ਜੱਗੀ ਕੁੱਸਾ ਫਿਲਮ ÷ਬੇਗੋ÷ ਰਾਹੀਂ ਦਮਦਾਰ ਹਾਜਰੀ ਲਗਵਾਉਣ ਆ ਰਹੇ ਹਨ। ਫਿਲਮ ਬੇਗੋ ਦੀ ਕਹਾਣੀ, ਸਕਰੀਨ ਪਲੇਅ ਤੇ ਡਾਇਲਾਗ ਸ਼ਿਵਚਰਨ ਜੱਗੀ ਕੁੱਸਾ ਦੇ ਲਿਖੇ ਹੋਏ ਹਨ। ਇਸ ਫਿਲਮ ਨੂੰ ਨਿਰਦੇਸ਼ਿਤ ਕੀਤਾ ਹੈ ਲਵਲੀ ਸ਼ਰਮਾ ਨੇ। ਲਵਲੀ ਸ਼ਰਮਾ ਦੀ ਨਿਰਦੇਸ਼ਨਾ ਤੇ ਯੁਗ ਫਿਲਮ ਸਟੂਡੀਓ ਦੀ ਇਸ ਫਿਲਮ ਵਿੱਚ ਬਤੌਰ ਮੁੱਖ ਅਦਾਕਾਰ ਕੁਲ ਸਿੱਧੂ, ਗਿਰਜਾ ਸ਼ੰਕਰ, ਨਗਿੰਦਰ ਗਾਖੜ, ਰੂਪ ਸੰਧੂ, ਕੁਲਵੰਤ ਖੁਰਮੀ, ਪਾਲੀ ਸੰਧੂ, ਹਰਸ਼ ਗਿੱਲ ਤੇ ਗੁਰਪ੍ਰੀਤ ਤੋਤੀ ਸਮੇਤ ਹੋਰ ਵੀ ਨਾਮੀ ਕਲਾਕਾਰ ਆਪਣੀ ਕਲਾ ਦੇ ਦੀਦਾਰੇ ਕਰਵਾਉਣਗੇ। ਫਿਲਮ ਦੇ ਪ੍ਰੋਡਿਊਸਰ




ਮਨਿੰਦਰਪਾਲ ਸਿੰਘ, ਸ਼ੇਰਾ ਧੂੜਕੋਟੀਆ ਤੇ ਦਿਲਵੀਰ ਸਿੰਘ ਹਨ। ਕਾਬਲ ਗਿੱਲ ਨੂੰ ਪ੍ਰਾਜੈਕਟ ਹੈੱਡ ਦੀ ਸੇਵਾ ਸੌਂਪੀ ਗਈ ਹੈ। ਆਰਟ ਡਾਇਰੈਕਟਰ ਦੀਆਂ ਸੇਵਾਵਾਂ ਪਰਮਿੰਦਰ ਸਿੰਘ ਆਜ਼ਾਦ ਨਿਭਾਉਣਗੇ। ਡਾਇਰੈਕਟਰ ਲਵਲੀ ਸ਼ਰਮਾ ਨੇ ਦੱਸਿਆ ਕਿ ਫਿਲਮ ਦੇ ਸੰਗੀਤ ਦੀ ਜ਼ਿੰਮੇਵਾਰੀ ਵਿਸ਼ਵ ਪ੍ਰਸਿੱਧ ਸੰਗੀਤਕਾਰ ਗੁਰਮੀਤ ਸਿੰਘ ਜੀ ਨੇ ਸਾਂਭੀ ਹੈ ਤੇ ਇਸ ਫਿਲਮ ਵਿੱਚ ਨਛੱਤਰ ਗਿੱਲ, ਨੂਰਾਂ ਸਿਸਟਰਜ਼, ਕਮਲ ਖਾਨ ਸਮੇਤ ਹੋਰ ਵੀ ਬੇਹੱਦ ਸੁਰੀਲੀਆਂ ਆਵਾਜ਼ਾਂ ਸੁਣਨ ਨੂੰ ਮਿਲਣਗੀਆਂ। ਸ਼ਿਵਚਰਨ ਜੱਗੀ ਕੁੱਸਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਫਿਲਮ ਬੇਗੋ ਬਿਲਕੁਲ ਨਿਵੇਕਲੀ ਤੇ ਸੇਧਦਾਇਕ ਕਹਾਣੀ ਹੈ, ਜਿਸਨੂੰ ਪਰਿਵਾਰ ਸਮੇਤ ਦੇਖ ਕੇ ਮਾਣ ਮਹਿਸੂਸ ਕਰੋਗੇ। ਉਹਨਾਂ ਕਿਹਾ ਕਿ ਫਿਲਮ ਦੇ ਕਾਰਜ ਬਹੁਤ ਹੀ ਤਨਦੇਹੀ ਨਾਲ ਹੋ ਰਹੇ ਹਨ ਤੇ ਜਲਦ ਹੀ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ।

**ਮਨਦੀਪ ਖੁਰਮੀ ਹਿੰਮਤਪੁਰਾ**

# ਸੰਗਮ 'ਤੇ ਲੱਗਿਆ ਬਾਜ਼ਾਰ ਮੇਰੇ ਹਾਣੀਆਂ, ਬਰਫ਼ਾਂ 'ਤੇ ਆ ਜਾ ਪੱਬਾਂ ਭਾਰ ਮੇਰੇ ਹਾਣੀਆਂ



ਮਾਂਟਰੀਅਲ (ਪੰਜਾਬੀ ਅਖਲਬਾਰ ਬਿਊਰੋ) ਦਸੰਬਰ ਦਾ ਪਹਿਲਾ ਹਫ਼ਤਾ ਕੈਨੇਡਾ ਦੇ ਮੂਲਨਿਵਾਸੀ ਲੋਕਾਂ ਲਈ ਇਤਿਹਾਸਕ ਵੀ ਰਿਹਾ ਅਤੇ ਤਿਉਹਾਰਾਂ ਵਰਗਾ ਰੌਣਕ-ਭਰਿਆ ਵੀ ਰਿਹਾ। ਇਤਿਹਾਸਕ ਇਸ ਪੱਖੋਂ ਕਿ ਇਨ੍ਹਾਂ ਲੋਕਾਂ ਦੀ ਬੇਸ਼ਕੀਮਤੀ ਧਰੋਹਰ, ਜੋ ਈਸਾਈ ਪਾਦਰੀ ਚਤੁਰਾਈ ਨਾਲ਼ ਰੋਮ ਵਿਖੇ ਲਿਜਾਂਦੇ ਰਹੇ, ਉਹ ਪੋਪ ਨੇ ਇਨ੍ਹਾਂ ਹੱਕੀ ਲੋਕਾਂ ਨੂੰ ਵਾਪਸ ਕਰਨ ਲਈ ਰੋਮ ਤੋਂ ਹਵਾਈ ਜਹਾਜ਼ ਰਾਹੀਂ ਮਾਂਟਰੀਆਲ ਭੇਜ ਦਿੱਤੀ। ਇਸ ਵਿਚ ਸਦੀਆਂ ਪੁਰਾਣੀਆਂ ਸੱਭਿਆਚਾਰਕ, ਘਰੇਲੂ ਤੇ ਕਈ ਤਰ੍ਹਾਂ ਦੀਆਂ ਛੋਟੀਆਂ-ਵੱਡੀਆਂ ਕੁੱਲ 62 ਦੁਰਲੱਭ ਵਸਤੂਆਂ ਸ਼ਾਮਿਲ ਹਨ। ਇਹ ਸਭ ਹੱਥਾਂ ਨਾਲ਼ ਬਣਾਈਆਂ ਹੋਈਆਂ ਕਮਾਲ ਦੀਆਂ ਸ਼ਿਲਪ ਅਤੇ ਕਲਾ-ਕਿਰਤਾਂ ਹਨ। ਮੋਕਾਸਿਨ(ਚਮੜੇ ਦੇ ਜੁੱਤੇ) ਤੋਂ ਲੈ ਕੇ ਸੌ ਸਾਲ ਪੁਰਾਣਾ ਚਮੜੇ ਅਤੇ ਲੱਕੜੀ ਤੋਂ ਬਣਿਆਂ ਕਯਾਕ (ਕਿਸ਼ਤੀ) ਵੀ ਸ਼ਾਮਲ ਹੈ। ਪੰਜਾਬੀ ਅਖ਼ਬਾਰ ਦੇ ਪੱਤਰਕਾਰ ਸ: ਜਗਦੇਵ ਸਿੱਧੂ ਵੱਲੋਂ ਭੇਜੀ ਰਿਪੋਰਟ ਅਨੁਸਾਰ ਹਵਾਈ ਅੱਡੇ 'ਤੇ ਇਨ੍ਹਾਂ ਦਾ ਸਵਾਗਤ ਕਰਨ ਅਤੇ ਇਨ੍ਹਾਂ ਨੂੰ ਪਹਿਲੀ ਨਜ਼ਰੇ ਵੇਖਣ ਲਈ ਨੇਟਿਵ ਆਗੂਆਂ ਅਤੇ ਆਮ ਸ਼ਰਧਾਲੂਆਂ ਦਾ ਠਾਠਾਂ ਮਾਰਦਾ ਇਕੱਠ ਕਿਸੇ ਤਿਉਹਾਰ ਦਾ ਦ੍ਰਿਸ਼ ਪੇਸ਼ ਕਰ ਰਿਹਾ ਸੀ। ਅਸੈਂਬਲੀ ਆਫ ਫ਼ਸਟ ਨੇਸ਼ਨ ਦੀ ਚੇਅਰ ਪਰਸਨ ਸਿੰਡੀ ਵੁੱਡਹਾਊਸ, ਨੈਟਨ ਉਬੇਡ, ਡੁਆਨੇ ਸਮਿੱਥ, ਹਾਇਦਾ ਨੇਸ਼ਨ ਦਾ ਪ੍ਰਧਾਨ ਜੈਸਨ ਐਸਲੋਪ, ਬੀ ਸੀ ਯੂਥ ਦੀ ਨੁਮਾਇੰਦਾ ਅਤੇ ਸਾਰੇ ਪਤਵੰਤੇ ਵਰ੍ਹਦੀ ਬਰਫ਼ਬਾਰੀ ਵਿੱਚ ਅੰਤਾਂ ਦੇ ਚਾਅ ਨਾਲ਼ ਨੱਚ-ਟੱਪ ਅਤੇ ਡਰੱਮ ਵਜਾ ਕੇ ਗਾ ਰਹੇ ਸਨ। ਪੂਰਾ ਦ੍ਰਿਸ਼ ਵੇਖਿਆਂ ਹੀ ਬਣਦਾ ਸੀ - ਕਹਿਬੇ ਕੋ ਸੋਭਾ ਨਹੀਂ, ਦੇਖਿਆ ਹੀ ਪਰਵਾਣ। ਕੋਈ ਕਿਸੇ ਛੋਟੀ ਪੈਕਿੰਗ ਨੂੰ ਚੁੱਕ ਕੇ ਮੱਥੇ ਨਾਲ਼ ਲਾ ਰਿਹਾ ਸੀ, ਕੋਈ ਉਪਰ ਨੂੰ ਬਾਹਾਂ ਅਤੇ ਨਜ਼ਰਾਂ ਕਰ ਕੇ ਕਰਤੇ ਦਾ ਸ਼ੁਕਰ ਮਨਾ ਰਿਹਾ ਸੀ।

## ਜਨਮਦਿਨ ਮੁਬਾਰਕ



ਕੈਲਗਰੀ ਵਾਸੀ ਬਮਰਾਹ ਪਰਿਵਾਰ ਦੇ ਅਗਲੀ ਪੀੜੀ ਦੇ ਵਾਰਿਸ ਨਿਵਾਜ ਸਿੰਘ ਬਮਰਾਹ ਦਾ ਦੂਜਾ ਜਨਮ ਦਿਨ 31 ਦਸੰਬਰ 2025 ਨੂੰ ਮਨਾਇਆ ਜਾ ਰਿਹਾ ਹੈ । ਦਾਦਾ ਦਾਦੀ ਸ: ਹਰਨੇਕ ਸਿੰਘ ਬਮਰਾਹ ਅਤੇ ਸਰਦਾਰਨੀ ਪ੍ਰੀਤਮ ਕੌਰ ਬਮਰਾਹ, ਡੈਡੀ ਸਰਦਾਰ ਰਾਜਵਿੰਦਰ ਸਿੰਘ ਬਮਰਾਹ ਅਤੇ ਮੰਮੀ ਸਰਦਾਰਨੀ ਕੁਲਵਿੰਦਰ ਕੌਰ ਪੂਨੀ ਨੂੰ ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਵੱਲੋਂ ਨਿਵਾਜ ਸਿੰਘ ਬਮਰਾਹ ਦੇ ਜਨਮ ਦਿਨ ਦੀਆਂ ਬਹੁਤ ਬਹੁਤ ਵਧਾਈਆਂ

# ਸਰੀ ਵਿਚ ਕੌਮਾਂਤਰੀ ਮਨੁੱਖੀ ਅਧਿਕਾਰ ਦਿਹਾੜੇ 'ਤੇ ਸਿੱਖ ਨਜ਼ਰੀਏ ਤੋਂ ਇਤਿਹਾਸਕ ਸੰਵਾਦ



ਸਰੀ,(ਹਰਦਮ ਮਾਨ)- ਕੌਮਾਂਤਰੀ ਮਨੁੱਖੀ ਅਧਿਕਾਰ ਦਿਹਾੜੇ ਮੌਕੇ 10 ਦਸੰਬਰ ਨੂੰ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਅਤੇ ਵਣਜਾਰਾ ਨੋਮੈਡ ਕਲੈਕਸ਼ਨਜ਼ ਦੇ ਸਾਂਝੇ ਉਪਰਾਲੇ ਨਾਲ ਇਕ ਗੰਭੀਰ, ਵਿਚਾਰਪੂਰਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਿੱਖ ਇਤਿਹਾਸ ਅਤੇ ਮਨੁੱਖੀ ਅਧਿਕਾਰਾਂ ਨੂੰ ਸਿੱਖ ਨਜ਼ਰੀਏ ਤੋਂ ਪਰਖਿਆ ਗਿਆ। ਸਮਾਗਮ ਵਿੱਚ ਵਿਦਵਾਨਾਂ, ਸਮਾਜਕ ਕਾਰਕੁਨਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਵਿਸ਼ਾਲ ਹਾਜ਼ਰੀ ਨੇ ਇਸ ਨੂੰ ਵਿਸ਼ੇਸ਼ ਮਹੱਤਵ ਦਿੱਤਾ।

ਇਸ ਮੌਕੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਉਨ੍ਹਾਂ ਨੇ ਗੁਰੂ ਨਾਨਕ ਜਹਾਜ਼ ਦੇ ਸਵਾਰਾਂ ਵਿਚ ਸ਼ਾਮਿਲ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਅਤੇ ਸ਼ਹੀਦ ਖਾਲੜਾ ਦੇ ਦਾਦਾ ਭਾਈ ਹਰਨਾਮ ਸਿੰਘ ਖਾਲੜਾ ਦੀ ਜੀਵਨੀ ਉੱਤੇ ਪ੍ਰਕਾਸ਼ ਪਾਉਂਦਿਆਂ, ਮਨੁੱਖੀ ਅਧਿਕਾਰਾਂ ਲਈ ਸ਼ਹੀਦ ਖਾਲੜਾ ਦੇ ਅਟੱਲ ਸੰਘਰਸ਼ ਦੀ ਦਰਦਭਰੀ ਪਰ ਪ੍ਰੇਰਕ ਦਾਸਤਾਨ ਸਾਂਝੀ ਕੀਤੀ। ਉਨ੍ਹਾਂ ਦੇ ਵਿਚਾਰਾਂ ਨੇ ਸੰਗਤ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੱਤਾ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਡਾ. ਗੁਰਵਿੰਦਰ ਸਿੰਘ ਨੇ ਮਨੁੱਖੀ ਅਧਿਕਾਰਾਂ ਦੇ ਪ੍ਰਸੰਗ ਵਿੱਚ ਗੁਰੂ ਨਾਨਕ ਜਹਾਜ਼ ਦੀ ਇਤਿਹਾਸਕ ਮਹੱਤਤਾ, ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ ਸੰਘਰਸ਼ ਅਤੇ ਬਹੁ-ਕੌਮੀ ਸੱਭਿਆਚਾਰ ਵਿੱਚ ਉਨ੍ਹਾਂ ਦੀ ਦੇਣ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਨੈਸ਼ਨਲ ਮੀਡੀਆ ਵਿੱਚ ਸਿੱਖ ਇਤਿਹਾਸ ਅਤੇ ਸੰਘਰਸ਼ ਬਾਰੇ ਬਣਾਏ ਜਾ ਰਹੇ ਗਲਤ ਬਿਰਤਾਂਤਾਂ ਉੱਤੇ ਵੀ ਤਿੱਖੀ ਟਿੱਪਣੀ ਕੀਤੀ ਅਤੇ ਖੁੱਲ੍ਹੀ ਗੱਲਬਾਤ ਦੀ ਲੋੜ ਉੱਤੇ ਜ਼ੋਰ ਦਿੱਤਾ।

ਸਮਾਗਮ ਦੌਰਾਨ ਪ੍ਰਸਿੱਧ ਕਲਾਕਾਰ ਮਰਹੂਮ ਜਰਨੈਲ ਸਿੰਘ ਚਿੱਤਰਕਾਰ ਵੱਲੋਂ ਤਿਆਰ ਕੀਤੀਆਂ ਗੁਰੂ ਨਾਨਕ ਜਹਾਜ਼ ਸੰਬੰਧੀ ਚਾਰ ਵੱਡ-ਆਕਾਰੀ ਪੇਂਟਿੰਗਾਂ ਦੀ ਵਿਸ਼ੇਸ਼ ਨੁਮਾਇਸ਼ ਲਾਈ ਗਈ। ਇਸ ਦੇ ਨਾਲ ਹੋਰ ਇਤਿਹਾਸਕ ਤਸਵੀਰਾਂ ਅਤੇ ਜਾਣਕਾਰੀ ਭਰਪੂਰ ਪੈਨਲ ਵੀ ਦਰਸ਼ਕਾਂ ਨਾਲ ਸਾਂਝੇ ਕੀਤੇ ਗਏ, ਜਿਨ੍ਹਾਂ ਨੇ ਇਤਿਹਾਸ ਨੂੰ ਦ੍ਰਿਸ਼ਟੀਗਤ ਰੂਪ ਵਿੱਚ ਜਿਉਂਦਾ ਕਰ ਦਿੱਤਾ।

ਵਣਜਾਰਾ ਨੋਮੈਡ ਕਲੈਕਸ਼ਨਜ਼ ਵੱਲੋਂ ਰਾਜ ਸਿੰਘ ਭੰਡਾਲ ਨੇ 'ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ' ਮੁਹਿੰਮ, ਵੈਨਕੂਵਰ ਯੂਨੀਵਰਸਿਟੀ ਵਿੱਚ ਲੱਗੀ 'ਓਵਰਕਾਸਟ' ਨਾਂ ਦੀ ਪ੍ਰਦਰਸ਼ਨੀ ਅਤੇ ਮਿਊਜ਼ੀਅਮਾਂ ਨਾਲ ਜੁੜੇ ਵਿਵਾਦਤ ਮਸਲਿਆਂ ਬਾਰੇ ਤੱਥਪੂਰਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਸਿੱਖ ਪਛਾਣ ਅਤੇ ਇਤਿਹਾਸ ਨੂੰ ਅਕਾਦਮਿਕ ਅਤੇ ਸੱਭਿਆਚਾਰਕ ਢਾਂਚਿਆਂ ਵਿੱਚ ਅਕਸਰ ਗਲਤ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ।

ਸਮਾਗਮ ਦਾ ਸੁਚੱਜਾ ਸੰਚਾਲਨ ਤਜਿੰਦਰਪਾਲ ਸਿੰਘ ਵੱਲੋਂ ਕੀਤਾ ਗਿਆ, ਜਦਕਿ ਸੰਗਤਾਂ ਦਾ ਧੰਨਵਾਦ ਡਾ. ਜਸਜੋਤ ਸਿੰਘ ਮਾਨ ਨੇ ਅਦਾ ਕੀਤਾ। ਤਾਜ ਕਨਵੈਂਸ਼ਨ ਸੈਂਟਰ ਦੇ ਕੁਲਤਾਰ ਸਿੰਘ ਥਿਆੜਾ ਅਤੇ ਸਮੂਹ ਪ੍ਰਬੰਧਕਾਂ ਨੇ ਸਮਾਗਮ ਦੀ ਸਫ਼ਲਤਾ ਲਈ ਪਰਜੋਰ ਸਹਿਯੋਗ ਦਿੱਤਾ। ਇਸ ਮੌਕੇ ਵੱਖ-ਵੱਖ ਗੁਰਦੁਆਰਾ ਸੁਸਾਇਟੀਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਵਿਸ਼ੇਸ਼ ਹਾਜ਼ਰੀ ਰਹੀ, ਜਿਨ੍ਹਾਂ ਨੇ ਗੁਰੂ ਨਾਨਕ ਜਹਾਜ਼ ਦੇ ਨਾਂ ਦੀ ਮਾਨਤਾ ਅਤੇ ਹੋਰ ਅਹਿਮ ਮੁੱਦਿਆਂ 'ਤੇ ਲੰਮੇ ਸਮੇਂ ਤੋਂ ਚੱਲ ਰਹੇ ਸੰਘਰਸ਼ ਵਿੱਚ ਸਹਿਯੋਗ ਦੀ ਪੁਸ਼ਟੀ ਕੀਤੀ। ਤਿੰਨ ਘੰਟੇ ਚੱਲੇ ਇਸ ਸਮਾਗਮ ਦੌਰਾਨ ਗੁਰੂ ਨਾਨਕ ਜਹਾਜ਼ ਦੇ ਇਤਿਹਾਸਕ ਪ੍ਰਸੰਗ, 'ਅਸੀਂ ਦੱਖਣੀ ਏਸ਼ੀਆਈ ਨਹੀਂ ਹਾਂ' ਅਤੇ ਯੂਨੀਵਰਸਿਟੀਆਂ ਵਿੱਚ ਹੋ ਰਹੀ 'ਸਿੱਖ ਵਿਰੋਧੀ ਸਿਧਾਂਤਕ ਘੇਰਾਬੰਦੀ' ਬਾਰੇ ਡੂੰਘੀ ਤੇ ਤਰਕਸੰਗਤ ਵਿਚਾਰ-ਚਰਚਾ ਹੋਈ।

# ਇੱਥੋਂ ਕੁੱਲ ਪਰਿੰਦੇ ਹੀ ਉੜ ਗਏ

ਡਾ. ਬਲਵਿੰਦਰ ਸਿੰਘ ਲੱਖੇਵਾਲੀ

ਮਾਏ ਮੈਂ ਘੜਵੰਜੀ ਲਿਪਾਈ ਨੀ,
ਉੱਤੋਂ ਦੀ ਲੰਘ ਗਿਆ ਮੋਰ,
ਮੋਰਾ ਵੇ ਉੱਡ-ਉੱਡ ਜਾਈਂ ਵੇ,
ਤੇਰੀ ਕਲਗੀ ਨੂੰ ਪਾਵਾਂ ਡੋਰ॥
ਮੋਰਾ ਵੇ ਪਾ ਗਲਵੱਕੜੀ ਵੇ,
ਮੇਰੀ ਮੋਰਾਂ ਵਰਗੀ ਤੋਰ॥

ਇਹ ਕੋਈ ਸਦੀਆਂ ਪੁਰਾਣੀ ਗੱਲ ਨਹੀਂ, ਬਲਕਿ ਥੋੜ੍ਹੇ ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਮੋਰ ਕੂਕਦੇ, ਪੈਲਾਂ ਪਾਉਂਦੇ ਤੇ ਅਨੇਕਾਂ ਪੰਛੀਆਂ ਦੀ ਚਹਿ-ਚਹਾਟ ਸੁਣਨ ਨੂੰ ਮਿਲਦੀ ਸੀ। ਉਦੋਂ ਲੋਕਾਂ ਨੂੰ 'ਬਰਡ ਵਾਚਿੰਗ' ਯਾਨੀ ਪੰਛੀਆਂ ਨੂੰ ਵਿਸ਼ੇਸ਼ ਤੌਰ 'ਤੇ ਵੇਖਣ ਜਾਣਾ, ਉਹ ਵੀ ਮਹਿੰਗੇ ਕੈਮਰੇ ਅਤੇ ਦੂਰਬੀਨਾਂ ਖ਼ਰੀਦਣ ਦਾ ਰੁਝਾਨ ਨਹੀਂ ਸੀ ਹੁੰਦਾ। ਗਰੀਬ ਜਾਂ ਮੱਧ ਵਰਗੀ ਪਰਿਵਾਰਾਂ ਦੇ ਮੈਂਬਰਾਂ ਦਾ ਗਾਈਡ ਘਰ ਦਾ ਵੱਡਾ ਬਜ਼ੁਰਗ, ਬਾਪੂ-ਦਾਦਾ ਹੀ ਹੁੰਦਾ ਸੀ ਤੇ ਘਰੀਂ ਜਾਂ ਖੇਤੀਂ ਤੁਰਦਿਆਂ ਫਿਰਦਿਆਂ ਸਭਨਾਂ ਨਾਲ ਜਾਣ ਪਛਾਣ ਹੋ ਜਾਂਦੀ ਸੀ। ਸਾਡੇ ਆਪਣੇ ਘਰ ਦੇ ਦਰੀਂ ਲੱਗੀ ਕਿੱਕਰ ਉੱਪਰ ਹਰ ਸਾਲ ਬਿਜੜੇ ਆਲ੍ਹਣਾ ਬਣਾਉਂਦੇ ਸਨ ਤੇ ਅਸੀਂ ਰੀਝਾਂ ਨਾਲ ਤੀਲਾਂ ਚੁਗ ਕੇ ਲਿਆਉਂਦੇ ਤੇ ਆਲ੍ਹਣਾ ਬਣਾ ਰਹੇ ਬਿਜੜੇ ਨੂੰ ਵੇਖਦੇ ਸੀ। ਕੋਇਲਾਂ, ਘੁੱਗੀਆਂ, ਗਟਾਰਾਂ, ਮੈਨਾ, ਕੂੰਜਾਂ, ਟਟੀਰੀਆਂ, ਚੱਕੀ ਰਾਹੇ, ਤੋਤੇ, ਹਰੀਅਲ, ਮਮੋਲੇ, ਚਿੜੀਆਂ, ਮੁਰਗਾਬੀਆਂ ਆਦਿ ਸਭ ਨਾਲ ਜਾਣ-ਪਛਾਣ ਕਰਾਉਣ ਵਾਲਾ ਬਾਪੂ ਹੀ ਹੁੰਦਾ ਸੀ। ਪਰ ਅਫ਼ਸੋਸ! ਹੁਣ ਹਰ ਪਿੰਡ ਵਿੱਚ ਅਜਿਹਾ ਦਿਨ-ਬ-ਦਿਨ ਘਟਦਾ ਜਾ ਰਿਹਾ ਹੈ। ਤਰੱਕੀ ਦੀਆਂ ਪੌੜੀਆਂ ਚੜ੍ਹ ਰਿਹਾ ਇਨਸਾਨ ਦਿਨ-ਬ-ਦਿਨ ਕੁਦਰਤ ਤੋਂ ਦੂਰ ਹੁੰਦਾ ਜਾ ਰਿਹਾ। ਸਾਡੀ ਜੀਵਨ ਜਾਚ ਵਿੱਚ ਐਨਾ ਜ਼ਿਆਦਾ ਸ਼ੋਰ-ਸ਼ਰਾਬਾ ਅਤੇ ਬਣਾਵਟੀਪਣ ਵਧ ਚੁੱਕਿਆ ਹੈ ਕਿ ਕੁਦਰਤ ਦੀਆਂ ਨਿਆਮਤਾਂ ਸਾਡੇ ਤੋਂ ਦੂਰ-ਦੁਰੇਡੇ ਜਾ ਰਹੀਆਂ ਹਨ।



ਪੰਛੀਆਂ ਦੇ ਰੈਣ-ਬਸੇਰੇ ਰੁੱਖ ਝਾੜੀਆਂ ਹਨ ਅਤੇ ਉਹ ਅਸੀਂ ਸੁੱਖ ਨਾਲ ਦਿਨ-ਬ-ਦਿਨ ਖ਼ਤਮ ਕਰਦੇ ਜਾ ਰਹੇ ਹਾਂ। ਮਨੁੱਖ ਨੇ ਆਪਣੀਆਂ ਮੁੱਢਲੀਆਂ ਲੋੜਾਂ ਕੁਦਰਤੀ ਦਾਤਾਂ ਨਾਲੋਂ ਬਣਾਵਟੀ ਵਸਤਾਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਹੈ। ਕਦੇ ਕਿਸੇ ਨੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਸਾਡੇ ਚਿੜੀਆਂ ਦੇ ਚੰਬੇ ਸਾਡੇ ਤੋਂ ਕੰਨੀ ਕੁਤਰਾਉਣਾ ਸ਼ੁਰੂ ਕਰ ਦੇਣਗੇ। ਮੋਰਾਂ ਦੀਆਂ ਪੈਲਾਂ ਸੁਹਾਣੇ ਮੌਸਮ ਦੀ ਬਜਾਏ, ਨਵੀਂ ਪੀੜ੍ਹੀ 'ਯੂ-ਟਿਊਬ' ਉੱਪਰ ਵੇਖ ਕੇ ਦਿਲ ਪਰਚਾਵਾ ਕਰਿਆ ਕਰੇਗੀ। 'ਡਿਸਕਵਰੀ' ਵਰਗੇ ਟੀ.ਵੀ. ਚੈਨਲਾਂ ਰਾਹੀਂ ਸਾਡੇ ਬੱਚੇ ਤਿੱਤਰ-ਬਟੇਰੇ, ਬਾਜ, ਇੱਲਾਂ ਆਦਿ ਪੰਛੀਆਂ ਦੇ ਨਾਲ ਰੂ-ਬ-ਰੂ ਹੋਇਆ ਕਰਨਗੇ। ਕਿਸ ਨੇ ਸੋਚਿਆ ਸੀ ਕਿ ਕਦੇ ਕੁਦਰਤ ਜਾਂ ਪੰਛੀ ਪ੍ਰੇਮੀਆਂ ਨੂੰ ਪੰਛੀਆਂ ਖਾਤਰ ਲੱਕੜ ਦੇ ਆਲ੍ਹਣੇ ਬਣਾਉਣੇ ਪੈਣਗੇ?

ਜੇਕਰ ਆਮ ਇਨਸਾਨ ਤੇ ਸਰਕਾਰਾਂ ਰਲ ਕੇ ਵਿਉਂਤਬੰਦੀ ਕਰਨ ਤਾਂ ਅਜੇ ਵੀ ਕੁਝ ਹੋ ਸਕਦਾ ਹੈ। ਸਭ ਤੋਂ ਮੁੱਢਲੀ ਗੱਲ ਤਾਂ ਇਹ ਹੈ ਕਿ ਅੱਜ ਵੀ ਹਰ ਪਿੰਡ-ਸ਼ਹਿਰ ਲੋਕ ਫੁੱਲ-ਬੂਟਿਆਂ, ਬਾਗ਼-ਬਗੀਚਿਆਂ ਦੇ ਸ਼ੌਕੀਨ ਹਨ ਅਤੇ ਹਰ ਸਾਲ ਲੱਖਾਂ ਪੌਦੇ ਪੰਜਾਬ ਦੀ ਧਰਤ 'ਤੇ ਲਾਏ ਜਾਂਦੇ ਹਨ, ਜਿਨ੍ਹਾਂ ਨੂੰ ਪੰਛੀਆਂ ਮੁਤਾਬਕ ਵਿਉਂਤਬੰਦੀ ਹੇਠ ਲਿਆਂਦਾ ਜਾ ਸਕਦਾ ਹੈ। ਫ਼ਲ ਅਤੇ ਰਸ ਵਾਲੇ ਫੁੱਲ ਇਨ੍ਹਾਂ ਦੀ ਮੁੱਖ ਖੁਰਾਕ ਹਨ। ਸਾਨੂੰ ਆਪਣੀਆਂ ਬਗ਼ੀਚੀਆਂ ਵਿੱਚ ਪੰਛੀਆਂ ਦੇ ਖਾਣਯੋਗ ਪਦਾਰਥਾਂ ਦਾ ਹੱਲ ਮੁੱਖ ਰੂਪ ਵਿੱਚ ਕਰਨਾ ਚਾਹੀਦਾ ਹੈ। ਜਿਸ ਖਾਤਰ ਅਜਿਹੇ ਰੁੱਖ ਲਾਉਣੇ ਚਾਹੀਦੇ ਹਨ, ਜਿਨ੍ਹਾਂ ਦੇ ਫ਼ਲਾਂ ਨੂੰ ਪੰਛੀ ਚਾਅ ਨਾਲ ਖਾਂਦੇ ਹਨ। ਤੂਤ, ਮੰਦਾਰ, ਢੱਕ, ਅੰਬ, ਜਾਮਨ, ਲਲਟਾਨਾ, ਸਿੰਬਲ, ਪਿੱਪਲ, ਬੋਹੜ, ਗੁੜਹਲ, ਗੁਲਾਬ ਆਦਿ ਦੇ ਰੁੱਖ ਪੰਛੀਆਂ ਲਈ ਬੜੇ ਢੁਕਵੇਂ ਹਨ। ਇਨ੍ਹਾਂ ਤੋਂ ਇਲਾਵਾ ਪੰਛੀਆਂ ਖਾਤਰ ਛੋਟੀਆਂ ਬਗ਼ੀਚੀਆਂ ਵਿੱਚ ਦਾਲਾਂ, ਅਨਾਜ ਅਤੇ ਸੂਰਜਮੁਖੀ ਆਦਿ ਫੁੱਲਾਂ ਦੇ ਬੀਜ ਚੋਗੇ ਖਾਤਰ ਪਾਉਣੇ ਚਾਹੀਦੇ ਹਨ। ਪਰ ਸਥਾਨ ਅਜਿਹਾ ਹੋਣਾ ਚਾਹੀਦਾ ਹੈ, ਜਿੱਥੇ ਕਾਟੋ ਤੋਂ ਬਚਾਅ ਕੀਤਾ ਜਾ ਸਕੇ। ਰੋਟੀ ਜਾਂ ਵੱਡੀਆਂ ਵਸਤਾਂ ਉੱਪਰ ਕਾਂ ਬਹੁਤ ਝਪਟਦੇ ਹਨ ਅਤੇ ਛੋਟੇ ਪੰਛੀਆਂ ਦੀ ਆਮਦ ਘੱਟ ਹੁੰਦੀ ਹੈ। ਫ਼ਲਾਂ ਵਾਲੇ ਦਰੱਖ਼ਤ ਬੇਰ, ਮਲ੍ਹੇ, ਅਮਰੂਦ ਆਦਿ ਵੀ ਪੰਛੀਆਂ ਦੀ ਪਸੰਦੀਦਾ ਖੁਰਾਕ ਹੁੰਦੀ ਹੈ। ਖਾਣ ਵਾਲੀਆਂ ਵਸਤਾਂ ਦੇ ਨਾਲ-ਨਾਲ ਬਗ਼ੀਚੀਆਂ ਵਿੱਚ ਪਾਣੀ ਦਾ ਖ਼ਾਸ ਪ੍ਰਬੰਧ ਹੋਣਾ ਚਾਹੀਦਾ ਹੈ। ਵੱਡੀਆਂ ਬਗ਼ੀਚੀਆਂ ਵਿੱਚ ਕਈ ਤਰੀਕਿਆਂ ਰਾਹੀਂ ਪਾਣੀ ਸਟੋਰ ਕੀਤਾ ਜਾਂਦਾ ਹੈ, ਪਰ ਛੋਟੀਆਂ ਬਗ਼ੀਚੀਆਂ ਵਿੱਚ 'ਬਰਡ ਬਾਥ' ਯਾਨੀ ਮਿੱਟੀ ਜਾਂ ਕਿਸੇ ਹੋਰ ਸਮੱਗਰੀ ਦੇ ਬਣੇ ਬਰਤਨ ਰੱਖਣੇ ਚਾਹੀਦੇ ਹਨ, ਜਿਨ੍ਹਾਂ ਵਿੱਚੋਂ ਪੰਛੀ ਪਾਣੀ ਅਸਾਨੀ ਨਾਲ ਪੀ ਸਕਣ। 'ਬਰਡ ਫੀਡਰ' ਯਾਨੀ ਪੰਛੀਆਂ ਲਈ ਦਾਣੇ ਆਦਿ ਪਾਉਣ ਖਾਤਰ ਵੀ ਬਹੁਤ ਵਧੀਆ ਢਾਂਚੇਨੁਮਾ ਵਸਤਾਂ ਬਾਜ਼ਾਰੋਂ ਮਿਲ ਜਾਂਦੀਆਂ ਹਨ। ਸਭ ਤੋਂ ਮਹੱਤਵਪੂਰਨ ਤੇ ਅਹਿਮ ਗੱਲ ਇਹ ਹੈ ਕਿ ਬਹੁਤ ਜ਼ਿਆਦਾ ਪੰਛੀ ਦਾਲਾਂ ਜਾਂ ਅਨਾਜ ਦੇ ਨਾਲ-ਨਾਲ ਕੀੜੇ-ਮਕੌੜੇ ਖਾਣਾ ਬਹੁਤ ਪਸੰਦ ਕਰਦੇ ਹਨ। ਪਰ ਅੱਜਕੱਲ੍ਹ ਉਹ ਮਿਲਦੇ ਹੀ ਬੜੇ ਘੱਟ ਹਨ। ਕਿਉਂਕਿ ਅਸੀਂ ਆਪਣੇ ਖੇਤਾਂ ਤਾਂ ਕੀ ਘਰੇਲੂ ਬਗ਼ੀਚੀਆਂ ਤਕ ਰਸਾਇਣਿਕ ਖਾਦਾਂ 'ਤੇ ਜ਼ਹਿਰਾਂ ਦੀ ਵਰਤੋਂ ਐਨੀ ਜ਼ਿਆਦਾ ਕਰ ਦਿੱਤੀ ਹੈ ਜਿਸ ਕਾਰਨ ਕੀੜਾ-ਮਕੌੜਾ ਪੰਛੀਆਂ ਨੂੰ ਮਿਲਦਾ ਘੱਟ ਹੈ। ਆਪਣੇ ਬਾਗ਼-ਬਗ਼ੀਚੀਆਂ ਵਿੱਚ ਪੰਛੀਆਂ ਦੀ ਆਮਦ ਵਧਾਉਣ ਦਾ ਬਹੁਤ ਵੱਡਾ ਨੁਸਖਾ ਇਹ ਹੈ ਕਿ ਜੈਵਿਕ ਤਰੀਕੇ ਨਾਲ ਫੁੱਲ-ਫ਼ਲ ਸਬਜ਼ੀਆਂ ਉਗਾਉਣਾ ਤੁਹਾਡੀ ਸਿਹਤ ਲਈ ਵੀ ਲਾਭਕਾਰੀ ਤੇ ਪੰਛੀਆਂ ਦੀ ਖੁਰਾਕ ਲਈ ਵੀ ਉੱਤਮ।

ਉੱਡੀਂ ਵੇ ਤਿੱਤਰਾ, ਉੱਡੀਂ ਵੇ ਮੋਰਾ,
ਉੱਡੀਂ ਵੇ ਕਾਲਿਆ ਕਾਵਾਂ।
ਪਹਿਲਾ ਸੁਨੇਹਾ ਮੇਰੇ ਮਾਪਿਆਂ
ਨੂੰ ਦੇਵੀਂ, ਦੂਜਾ ਭੈਣ-ਭਰਾਵਾਂ।
ਤੀਜਾ ਸੁਨੇਹਾ ਮੇਰੇ ਪਿੱਪਲਾਂ ਨੂੰ
ਦੇਵੀਂ, ਜਿੱਥੇ ਮੈਂ ਪੀਘਾਂ ਪਾਵਾਂ...

ਸਾਡੀ ਇਹ ਲੋਕ ਬੋਲੀ ਸਾਫ਼ ਤੇ ਸਪੱਸ਼ਟ ਦਰਸਾਉਂਦੀ ਹੈ ਕਿ ਕਿਵੇਂ ਪੰਛੀ ਅਤੇ ਰੁੱਖ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਸਨ। ਜੋ ਤਰੱਕੀ ਦੇ ਦੌਰ ਨੇ ਸਾਥੋਂ ਨਿਖੇੜ ਕੇ ਰੱਖ ਦਿੱਤੇ ਹਨ। ਪਰ ਅੱਜ ਵੀ ਬੜੇ ਅਜਿਹੇ ਸੱਜਣ ਸਾਡੇ ਸਮਾਜ ਵਿੱਚ ਮੌਜੂਦ ਹਨ ਜਿਹੜੇ ਕੁਦਰਤ ਅਤੇ ਉਸ ਦੀਆਂ ਨਿਆਮਤਾਂ ਨੂੰ ਮੋਹ ਵੀ ਕਰਦੇ ਹਨ ਅਤੇ ਉਨ੍ਹਾਂ ਖਾਤਰ ਨਿੱਜੀ ਜਾਂ ਸੰਸਥਾਵਾਂ ਦੇ ਰੂਪ ਵਿੱਚ ਬੜੇ ਚੰਗੇ ਕਾਰਜ ਕਰਦੇ ਹਨ। ਪਰ ਮੇਰੀ ਕੁਝ ਸੱਜਣਾਂ ਨੂੰ ਇਹ ਗੁਜਾਰਿਸ਼ ਜ਼ਰੂਰ ਹੈ ਕਿ ਜੇ ਉਹ ਸੋਚਦੇ ਹਨ ਕਿ ਲੱਕੜ ਦੇ ਬਣਾਏ ਆਲ੍ਹਣਿਆਂ ਨਾਲ ਅਸੀਂ ਪੰਛੀ ਬਚਾ ਲਵਾਂਗੇ ਤਾਂ ਉਹ ਕੁਝ ਹੱਦ ਤਕ ਹੀ ਠੀਕ ਹੈ। ਕਿਉਂਕਿ ਜੇਕਰ ਤਕਨੀਕੀ ਰੂਪ ਵਿੱਚ ਵੇਖਿਆ ਜਾਵੇ ਤਾਂ ਪੰਜਾਬ ਵਿੱਚ ਤਕਰੀਬਨ 300 ਦੇ ਕਰੀਬ ਪੰਛੀਆਂ ਦੀਆਂ ਜਾਤੀਆਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ 5-7 ਹੀ ਅਜਿਹੇ ਹਨ, ਜਿਹੜੇ ਇਨ੍ਹਾਂ ਲੱਕੜ ਦੇ ਆਲ੍ਹਣਿਆਂ ਵਿੱਚ ਰਹਿਣਾ ਪਸੰਦ ਕਰਦੇ ਹਨ। ਦਰਅਸਲ, ਕੁਦਰਤ ਬੜੀ ਵਿਸ਼ਾਲ ਹੈ। ਇੱਕ ਪਾਸੇ ਤਾਂ ਟਟਹੀਰੀ ਮਿੱਟੀ ਦੀਆਂ ਢੀਮਾਂ ਵਿੱਚ ਆਂਡੇ ਦੇਣਾ ਬਸੰਦ ਕਰਦੀ ਹੈ ਅਤੇ ਦੂਜੇ ਪਾਸੇ ਇੱਲ੍ਹਾਂ, ਗਿਰਝਾਂ ਬੋਹੜਾਂ, ਪਿੱਪਲਾਂ ਵਰਗੇ ਉੱਚੇ ਲੰਮੇ ਦਰੱਖਤਾਂ ਉੱਪਰ ਆਲ੍ਹਣੇ ਪਾਉਣੇ ਪਸੰਦ ਕਰਦੀਆਂ ਹਨ। ਰੰਗ-ਬਿਰੰਗੇ ਲੱਕੜ ਦੇ ਆਲ੍ਹਣੇ ਬਣਾਉਣ ਨਾਲੋਂ ਵੱਧ ਤੋਂ ਵੱਧ ਰੁੱਖ-ਝਾੜੀਆਂ ਲਾਉਣੇ ਹੀ ਇਨ੍ਹਾਂ ਲਈ ਲਾਭਕਾਰੀ ਹਨ। ਤੁਸੀਂ ਬਿਜੜੇ ਦੀ ਉਦਾਹਰਨ ਹੀ ਲੈ ਲਵੋ। ਉਸ ਨੇ ਆਪਣੀ ਚੁੰਝ ਰਾਹੀਂ ਤੀਲ੍ਹਾ-ਤੀਲ੍ਹਾਂ ਇਕੱਠਾ ਕਰਕੇ ਆਪਣੇ ਮਹਿਬੂਬ ਨੂੰ ਖ਼ੂਬਸੂਰਤ ਆਲ੍ਹਣੇ ਨਾਲ ਆਕਰਸ਼ਿਤ ਕਰਨਾ ਹੁੰਦਾ ਹੈ।


Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ

Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ

ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

Sidhu Accounting & Financial Services

Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

NORTHEAST AUTOMOTIVE

Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ‘ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ’

**ਫ਼ੌਲਾਦੀ ਜਿਗਰੇ ਤੇ ਬੁਲੰਦ ਹੌਂਸਲੇ ਦੇ ਮਾਲਕ ਬਚਪਨ ਤੇ ਬੁਢਾਪਾ (ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ) ਨੇ ਬਰਫੀਲੀਆਂ /ਕੱਕਰੀਲੀਆਂ (ਠੰਢੀਆਂ ਠਾਰ) ਰਾਤਾਂ ਵਿਚ ਵਿਚ ਵੀ ਜਾਬਰ ਦੇ ਜ਼ੁਲਮ ਦਾ ਸਬਰ ਨਾਲ ਡੱਟ ਕੇ ਚੜ੍ਹਦੀਕਲਾ ਅਵਸਥਾ ਵਿੱਚ ਮੁਕਾਬਲਾ ਕੀਤਾ। ਪਰ ਜ਼ੁਲਮ ਦੀ ਇੰਤਾਹ ਨੂੰ ਤੱਕ ਕੇ ਇਥੋਂ ਦੀ ਫਿਜ਼ਾ ਨੇ ਖ਼ੂਨ ਦੇ ਅੱਥਰੂਆਂ ਨਾਲ ਉਦਾਸ ਤੇ ਗ਼ਮਗੀਨ ਮਾਹੌਲ ਦੀ ਪੀੜਾ ਨੂੰ ਬੜੇ ਹੀ ਔਖ ਨਾਲ ਹੀ ਸਹਿਣ ਕੀਤਾ ਹੋਵੇਗਾ। ਠੰਢੇ ਬੁਰਜ ਦੇ ਕਿੰਗਰੇ ਇਸ ਭਾਰੀ ਕਹਿਰ ਦੇ ਚਸ਼ਮਦੀਦ ਗਵਾਹ ਬਣੇ :-**







ਸਰਹਿੰਦ ਵਿੱਚ ਖੁਲਮ ਖੁੱਲ੍ਹੇ ਰੂਪ ਵਿੱਚ ਇਕ ਆਮ ਬੁਰਜ ਉਸਾਰਿਆ ਗਿਆ ਸੀ । ਇਸ ਆਮ ਬੁਰਜ ਨੂੰ ਉਸ ਵੇਲੇ ਇਤਿਹਾਸਕ ਰੰਗਤ ਚੜ੍ਹਨੀ ਸ਼ੁਰੂ ਹੋ ਗਈ ਜਦ ਲਾਲਚ ਤੇ ਗ਼ਦਾਰਪੁਣੇ ਦੀ ਜ਼ਦ ਵਿਚ ਆਏ ਗੰਗੂ ਨਾਂਅ ਦੇ ਰਸੋਈਏ ਦੀ ਸ਼ਕਾਇਤ ਕਰਨ ‘ਤੇ ਜਾਬਰ ਮੁਗ਼ਲ ਹਕੂਮਤ ਦੇ ਹੁਕਮਰਾਨਾਂ ਨੇ ਜ਼ਬਰ ਦੀ ਹੱਦ ਪਾਰ ਕਰਦਿਆਂ ਗੁਰੂ ਪਰਵਾਰ ਦੇ ਬੇਕਸੂਰ ਦੋ ਮਾਸੂਮ ਜਿੰਦਾਂ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਜੀ (ਸੱਤ ਸਾਲ) ਬਾਬਾ ਜ਼ੋਰਾਵਰ ਸਿੰਘ ਜੀ (ਨੌ ਸਾਲ) ਤੇ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ (ਗੁਜਰ ਕੌਰ) ਜੀ ਨੂੰ ਸਿਆਲੀ ਮਹੀਨੇ ਪੋਹ (ਦਸੰਬਰ ) ਦੇ ਯਖ ਠੰਢੇ ਦਿਨਾਂ ਵਿੱਚ ਇਸ ਬੁਰਜ ਵਿੱਚ ਕੈਦ ਕਰ ਕੇ ਈਨ ਮੰਨਵਾਉਣ /ਦੀਨ ਵਿਚ ਲਿਆਉਣ ਲਈ ਕਚਹਿਰੀ ਵਿੱਚ ਪੇਸ਼ੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਇਤਿਹਾਸਕ ਘਟਨਾ ਕ੍ਰਮ ( ਮਹਾਨ ਸ਼ਹੀਦਾਂ ਦੀ ਚਰਨ ਛੋਹ)ਨੇ ਇਸ ਇੱਕ ਆਮ ਬੁਰਜ ਨੂੰ ਖਾਸ ਬੁਰਜ (ਪੂਜਣ ਯੋਗ) ਬਣਾ ਦਿੱਤਾ ।

ਫ਼ੌਲਾਦੀ ਜਿਗਰੇ ਤੇ ਬੁਲੰਦ ਹੌਂਸਲੇ ਦੇ ਮਾਲਕ ਬਚਪਨ ਤੇ ਬੁਢਾਪਾ ( ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ) ਨੇ ਬਰਫੀਲੀਆਂ /ਕੱਕਰੀਲੀਆਂ (ਠੰਢੀਆਂ ਠਾਰ) ਰਾਤਾਂ ਵਿਚ ਵਿਚ ਵੀ ਜਾਬਰ ਦੇ ਜ਼ੁਲਮ ਦਾ ਸਬਰ ਨਾਲ ਡੱਟ ਕੇ ਚੜ੍ਹਦੀਕਲਾ ਅਵਸਥਾ ਵਿੱਚ ਮੁਕਾਬਲਾ ਕੀਤਾ। ਪਰ ਜ਼ੁਲਮ ਦੀ ਇੰਤਾਹ ਨੂੰ ਤੱਕ ਕੇ ਇਥੋਂ ਦੀ ਫਿਜ਼ਾ ਨੇ ਖ਼ੂਨ ਦੇ ਅੱਥਰੂਆਂ ਨਾਲ ਉਦਾਸ ਤੇ ਗ਼ਮਗੀਨ ਮਾਹੌਲ ਦੀ ਪੀੜਾ ਨੂੰ ਬੜੇ ਹੀ ਔਖ ਨਾਲ ਹੀ ਸਹਿਣ ਕੀਤਾ ਹੋਵੇਗਾ। ਠੰਢੇ ਬੁਰਜ ਦੇ ਕਿੰਗਰੇ ਇਸ ਭਾਰੀ ਕਹਿਰ ਦੇ ਚਸ਼ਮਦੀਦ ਗਵਾਹ ਬਣੇ :-

**‘ਠੰਢੇ ਬੁਰਜ ਦਾ ਕਿੰਗਰੇ**
**ਰੋ ਰੋ ਪਾਉਂਦੇ ਵੈਣ ਨੀਂ।**
**ਨਾ ਕਮਾ ਏਨਾ ਕਹਿਰ,**
**ਜੋਦੜੀ ਕਰ ਕਰ ਤੈਨੂੰ ਕਹਿਣ ਨੀਂ।**
**ਹਾਏ ਨੀਂ ਜ਼ਾਲਮ ਹਕੂਮਤੇ !**
**ਸਾਥੋਂ ਨੀਂ ਹੁੰਦਾ ਐਹ ਸਭ ਸਹਿਣ ਨੀਂ।**
**ਮਸੂਮਾਂ ਜਿੰਦਾਂ ਨੂੰ- ਔਹ, ਜ਼ਾਲਮ ਆ ਗਏ ਲੈਣ ਨੀਂ।’**

ਅੱਜ ਵੀ ਇਸ ਮਹਾਨ ਅਸਥਾਨ ਠੰਢੇ ਬੁਰਜ ਦੇ ਦਰਸ਼ਨ ਦੀਦਾਰੇ ਕਰਨ ਸਮੇਂ ਇਸ ਸੂਰਮਗਤੀ ਭਰੇ ਬਿਰਤਾਂਤ ਦਾ ਸੁਨਹਿਰੀ ਇਤਿਹਾਸ ਅੱਖਾਂ ਅੱਗੇ ਆਣ ਘੁੰਮਣ ਲੱਗ ਜਾਂਦਾ ਹੈ, ਠੰਢੇ ਬੁਰਜ ਦਾ ਆਲਾ ਦੁਆਲਾ ,ਇਸ ਦੀ ਫਿਜ਼ਾ , ਥੰਮ/ ਕਿੰਗਰੇ ਆਦਿ ਧਰਮ ਪ੍ਰਤੀ ਵਫ਼ਾਦਾਰੀ ਤੇ ਕੁਰਬਾਨੀ ਦੀ ਵੀਰ ਗਾਥਾ ਸੁਣਾਉਂਦੇ ਮਹਿਸੂਸ ਹੁੰਦੇ ਹਨ । ਅਹਿਸਾਸ ਵੀ ਕਰਵਾਉਂਦੇ ਹਨ ਕਿ ਉਹ ਘੜੀ ਕਿੰਨੀ ਔਖੀ ਤੇ ਅਸਿਹ ਹੋਵੇਗੀ ? ਫਿਰ ਵੀ ਮਹਾਨ ਮਾਤਾ ਗੁਜਰੀ ਜੀ ਆਪਣੇ ਲਾਲ (ਦਸਮੇਸ਼) ਦੇ ਲਾਲਾਂ (ਪੋਤਰਿਆਂ/ ਸਾਹਿਬਜ਼ਾਦਿਆਂ) ਨਾਲ ਠੰਢੇ ਬੁਰਜ਼ ਦੀ ਕੈਦ ਸਮੇਂ ਆਉਣ ਵਾਲੇ ਹੋਰ ਵੀ ਕਰੜੇ ਇਮਤਿਹਾਨਾਂ ਨੂੰ ਬੜੇ ਠਰੱਮੇ, ਸਬਰ, ਹੌਂਸਲੇ ਨਾਲ ਨਜਿੱਠਣ ਲਈ ਪੂਰੀ ਤਿਆਰ ਬਰ ਤਿਆਰ ਸਨ।

**‘ਮਨਜ਼ੂਰ ਇਸ ਘੜੀ ਜੋ ਤੁਝੇ ਇਮਤਿਹਾਨ ਹੈ ।**
**ਹਾਜ਼ਿਰ ਬਜਾਇ ਪੋਤੋਂ ਕੇ ਦਾਦੀ ਕੀ ਜਾਨ ਹੈ ।’**
**-(ਸੂਫ਼ੀ ਸ਼ਾਇਰ ਮਿਰਜ਼ਾ ਅੱਲਾ ਯਾਰ ਖਾਂ ਜੋਗੀ)**

ਪਰ ਕੈਦ ਵਿੱਚ ਬੇਦੋਸ਼ੇ ਮਜ਼ਲੂਮਾਂ ‘ਤੇ ਜ਼ਾਲਮ ਹਕੂਮਤ ਦੇ ਅਣ ਮਨੁੱਖੀ ਵਿਵਹਾਰ ਨੂੰ ਵੇਖ ਕੇ ਭਾਈ ਮੋਤੀ ਮਾਹਿਰਾ ਦੀ ਰੂਹ ਕੁਰਲਾ ਉੱਠੀ ਤੇ ਦੰਡ ਦੇ ਰੂਪ ਵਿੱਚ ਜ਼ਾਲਮ ਹਕੂਮਤ ਹੱਥੋਂ ਆਪਣੀ ਹੋਣ ਵਾਲੀ ਦੁਰਦਸ਼ਾ ਤੋਂ ਬੇਪ੍ਰਵਾਹ ਹੋ ਕੇ ਉਹ ਆਪਣਾ ਸਭ ਕੁਝ ਦਾਅ ‘ਤੇ ਲਾਉਂਦਿਆਂ ਉਨ੍ਹਾਂ ਮਹਾਨ ਪੁਰਖਿਆਂ ਨੂੰ ਦੁੱਧ ਛਕਾਉਣ ਦੀ ਸੇਵਾ ਕਮਾਉਣ ਵਿੱਚ ਸਫਲ ਹੋ ਗਿਆ।

ਮਾਤਾ ਗੁਜਰੀ ਜੀ ਸਾਹਿਬਜ਼ਾਦਿਆਂ ਦੀ ਮੁਗਲ ਹਕੂਮਤ ਸਾਹਮਣੇ ਹੋਣ ਵਾਲੀ ਪੇਸ਼ੀ ਸਮੇਂ ਵਾਪਰਨ ਵਾਲੇ ਘਟਨਾ ਕ੍ਰਮ ਤੇ ਉਨ੍ਹਾਂ ਦੇ ਨਿਕਲਣ ਵਾਲੇ ਨਤੀਜਿਆਂ ਨੂੰ ਹਰ ਨੂੰ ਪੱਖੋਂ ਘੋਖਿਆ/ਪਰਖਿਆ ਹੈ ਤੇ ਵਾਪਰਨ ਵਾਲੀ ਭਿਆਨਕ ਹੋਣੀ ਨੂੰ ਭਾਂਪਦਿਆਂ ਆਪਣੇ ਪੋਤਰਿਆਂ ਨੂੰ ਗੋਦੀ ਦੇ ਨਿੱਘ ਵਿਚ ਬਿਠਾਇਆ ਤੇ ਸਿੱਖੀ ਸਿਦਕ ਕਮਾਉਣ ਤੇ ਹੰਢਾਉਣ ਵਾਲੇ ਆਪਣੇ ਪੁਰਖਿਆਂ ਦੇ ਮਾਣਮੱਤੇ ਇਤਿਹਾਸ ਸੁਣਾ ਕੇ ਮਸੂਮ/ ਨੰਨੇ ਪਰ ਮਜ਼ਬੂਤ ਦਿਲਾਂ ਉੱਪਰ ਚੜੀ ਹੋਈ ਬਹਾਦਰੀ ਦੀ ਪਾਣ ਨੂੰ ਹੋਰ ਤਿੱਖਾ ਕਰਦਿਆਂ ਜ਼ੁਲਮ ਦੇ ਟਾਕਰੇ ਲਈ ਹੋਰ ਦ੍ਰਿੜ ਕੀਤਾ। ਦਿਲ ‘ਤੇ ਸਬਰ ਦਾ ਪੱਥਰ ਰੱਖ ਕੇ ਸਵੇਰੇ ਵੇਲੇ ਅਣਖ ਭਰੀ ਦਲੇਰਨਾ ਰੀਝ ਨਾਲ ਦਾਦੀ ਮਾਂ ਪੋਤਰਿਆਂ ਤੋਂ ਮਮਤਾ ਨਿਸ਼ਾਵਰ ਕਰਦੀ ਤੇ ਸਦਕੇ ਜਾਂਦੀ ਹੋਈ ਨੇ ਪੇਸ਼ੀ ਲਈ ਤਿਆਰ ਵੀ ਕੀਤਾ :

**‘ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ ।**
**ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ ।**
**ਪਯਾਰੇ ਸਰੋਂ ਪੇ ਨਨ੍ਹੀ ਸੀ ਕਲ.ਗੀ ਸਜਾ ਤੋ ਲੂੰ ।**
**ਮਰਨੇ ਸੇ ਪਹਲੇ ਤੁਮ ਕੋ ਮੈਂ ਦੂਲ੍ਹਾ ਬਨਾ ਤੋ ਲੂੰ ।’**
**-(ਸੂਫ਼ੀ ਸ਼ਾਇਰ ਮਿਰਜ਼ਾ ਅੱਲ੍ਹਾ ਯਾਰ ਖ਼ਾਂ ਜੋਗੀ)**

ਸਿਰ /ਦਿਮਾਗ ‘ਤੇ ਹੰਕਾਰ ਅਤੇ ਜਨੂੰਨ ਦੇ ਨਾਲ ਨਾਲ ਹਕੂਮਤ ਦੇ ਨਸ਼ੇ ਵਿਚ ਚੂਰ ਚੂਰ ਹੋਇਆ ਸਰਹਿੰਦ ਦਾ ਸੂਬੇਦਾਰ ਨਵਾਬ ਵਜ਼ੀਦ/ ਵਜੀਰ ਖਾਨ ਵਿਸ਼ੇਸ਼ ਕਚਹਿਰੀ (ਸਭਾ) ਬੁਲਾ ਕੇ ਬੈਠਾ ਹੋਇਆ ਸੀ। ਉਹ ਚਮਕੌਰ ਦੀ ਗੜ੍ਹੀ ਵਿੱਚ ਮਿਲੀ ਨਿਮੋਸ਼ੀ ਭਰੀ ਹਾਰ ਦਾ ਬਦਲਾ ਗੁਰੂ ਘਰ ਪਰਵਾਰ ਦੇ ਮਸੂਮਾਂ ਤੋਂ ਲੈਣ ਲਈ ਬਜ਼ਿਦ ਸੀ। ਪਰ ਇਸ ਸਭਾ ਵਿੱਚ ਪ੍ਰੇਸ਼ਾਨੀ ਭਰਿਆ ਇੱਕ ਤੌਖਲਾ ਤੇ ਫ਼ਿਕਰਮੰਦੀ ਦਾ ਆਲਮ ਵੀ ਬਣਿਆ ਹੋਇਆ ਸੀ ਤੇ ਪ੍ਰਤੱਖ ਰੂਪ ਵਿੱਚ ਵੀ ਪਸਰੇ ਹੋਏ ਇਸ ਸੰਨਾਟੇ ਤੋਂ ਸਪੱਸ਼ਟ ਸੀ ਕਿ ਏਨਾਂ ਬਾਲ ਨਿਆਣਿਆਂ ਨੂੰ ਝੁਕਾਉਣਾ/ਇਸਲਾਮ ਵਿੱਚ ਲਿਆਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਐ। ਸਗੋਂ ਏਨਾਂ ਬਾਲਕਾਂ ਨੇ ਮੌਤ ਨੂੰ ਗਲੇ ਲਗਾ ਕੇ ਸਾਨੂੰ ਨਿਮੋਸ਼ੀ ਭਰੀ ਨੈਤਿਕ ਹਾਰ ਦਾ ਮੂੰਹ ਵਿਖਾ ਦੇਣੈ।

ਏਸੇ ਕਰਕੇ ਸਾਹਿਬਜ਼ਾਦਿਆਂ ਦੀ ਕਚਹਿਰੀ ਵਿੱਚ ਪੇਸ਼ੀ ਸਮੇਂ ਇਕ ਸਾਜ਼ਿਸ਼ ਤਹਿਤ ਮੁੱਖ ਦਰਵਾਜ਼ਾ ਬੰਦ ਕਰਕੇ ਬਾਰੀ / ਖਿੜਕੀ ਖੋਲੀ ਗਈ ਤਾਂ ਕਿ ਉਹ ਸਿਰ ਝੁਕਾ ਕੇ ਕਚਹਿਰੀ ਵਿੱਚ ਜਾ ਸਕਣ। ਜਿਸ ਨੂੰ ‘ਗੋਬਿੰਦ ਸਿੰਘ ਦੇ ਫਰਜ਼ੰਦ ਝੁਕ ਗਏ ‘ ਆਖ ਹਕੂਮਤ ਦੀ ਇੱਕ ਜਿੱਤ ਬਣਾ ਕੇ ਉਛਾਲਿਆ ਜਾ ਸਕੇ । ਸੋ ਸਾਹਿਬਜ਼ਾਦਿਆਂ ਦੀ ਪੇਸ਼ੀ ਕਰਵਾਉਣ ਵਾਲੇ ਸਿਪਾਹੀ ਸਿਰ ਝੁਕਾ ਕੇ ਅੰਦਰ ਲੰਘੇ ਤਾਂ ਕਿ ਉਹ ਬਾਲ ਵੀ ਅਜਿਹਾ ਕਰਨਗੇ ਪਰ ਧਰਮ ਖਾਤਰ ਵੱਡੇ ਸਾਕੇ ਵਰਤਾਉਣ ਲਈ ਦ੍ਰਿੜ ਨਿੱਕੀਆਂ ਜਿੰਦਾਂ (ਦਿੱਬ ਦ੍ਰਿਸ਼ਟੀ/ਸੋਚ) ਦੇ ਮਾਲਕ ਸਾਹਿਬਜ਼ਾਦਿਆਂ ਪਹਿਲਾਂ ਪੈਰ ਅੰਦਰ ਧਰੇ , ਪਿਛੇ ਨੂੰ ਕੁਝ ਝੁਕ ਕੇ ਸਿਰ ਉਚਾ ਰੱਖਦਿਆਂ ਪ੍ਰਵੇਸ਼ ਕਰਕੇ ਬੁਲੰਦ ਆਵਾਜ਼ ਵਿੱਚ ਜਾ ਫਤਿਹ ਗੁਜਾਈ ਤਾਂ ਸਮੇਤ ਸੂਬਾ ਸਰਹਿੰਦ ਸਭ ਹੀ ਸੜ ਬਲ ਉਠੇ । ਪਰ ਮਾਸੂਮ ਜਿੰਦਾਂ ਨੂੰ ਈਨ ਮੰਨਾ ਕੇ ਦੀਨ ਵਿਚ ਲਿਆਉਣ ਲਈ ਲਾਲਚ ਤੇ ਡਰਾਵਿਆਂ ਦੇ ਨਾਲ ਨਾਲ ਸਾਜ਼ਿਸ਼ਾਂ ਰਚਣ ਦਾ ਦੌਰ ਵੀ ਜਾਰੀ ਰੱਖਿਆ ਗਿਆ।

ਸਾਹਿਬਜ਼ਾਦਿਆਂ ਨੂੰ ਮਾਨਸਿਕ ਤੌਰ ‘ਤੇ ਤੋੜਨ ਲਈ ਇੱਕ ਅਜੀਬ ਜਿਹਾ ਛੋਛਾ ਵੀ ਛੱਡਿਆ ਗਿਆ ਕਿ ਤੁਹਾਡੇ ਪਿਤਾ ਗੋਬਿੰਦ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਸਾਰੇ ਸਿੱਖਾਂ ਸਮੇਤ ਮਾਰ ਦਿੱਤਾ ਗਿਆ ਹੈ । ਹੁਣ ਤੁਸੀਂ ਇਕੱਲੇ ਹੀ ਰਹਿ ਗਏ ਹੋ ਜੇ ਤਹਾਨੂੰ ਛੱਡ ਦੇਈਏ ਤਾਂ ਤੁਸੀਂ ਇਕੱਲੇ ਹੀ ਕਰ ਸਕੋਗੇ ? ਅਗੋਂ ਦਲੇਰਾਨਾ ਜਵਾਬ ਸੀ ਕਿ ਸਾਨੂੰ ਕੋਈ ਵੀ ਆਸ ਉਮੀਦ ਨਹੀਂ ਹੈ ਕਿ ਤੁਸੀਂ ਸਾਨੂੰ ਜਿੰਦਾ ਛੱਡ ਦੇਵੇਗੋ। ਤੇ ਤੁਹਾਡੇ ਇਸ ਝੂਠੇ ਛੋਛੇ ਉਤੇ ਵੀ ਉਕਾ ਹੀ ਵਿਸ਼ਵਾਸ ਨਹੀਂ ਕਿ ਤੁਸੀਂ ਸਾਡੇ ਪਿਤਾ ਜੀ ਨੂੰ ਮੈਦਾਨੇ ਜੰਗ ਵਿੱਚ ਮਾਰ ਦਿੱਤਾ ਹੋਵੇਗਾ । ਹਾਂ ਜੇ ਕੋਈ ਚਾਲ ਚਲ ਕੇ ਅਜਿਹਾ ਕਰਮ ਕਰਨ(ਸਾਡੇ ਪਿਤਾ ਜੀ ਨੂੰ ਮਾਰਨ) ਵਿੱਚ ਸਫਲ ਵੀ ਹੋ ਗਏ ਹੋਵੋਗੇ ਤੇ ਸਾਨੂੰ ਛੱਡ ਵੀ ਦਿੰਦੇ ਹੋ ਤਾਂ ਅਸੀਂ ਬਚੇ ਖੁਚੇ ਸਿੱਖਾਂ ਨੂੰ ਫਿਰ ਤੋਂ ਲਾਮਬੰਦ ਕਰਕੇ ਆਖ਼ਰੀ ਦਮ ਤੱਕ ਜ਼ੁਲਮ ਵਿਰੁੱਧ ਲੜਦੇ ਰਹਾਂਗੇ।

**‘ਦੁਨੀਯਾ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ ।**
**ਕਰ ਲੇ ਮੁਕਾਬਲਾ ਤੂ ਜ਼ਰਾ ਅਪਨੇ ਸ਼ਾਹ ਸੇ ।**
**ਪਾਪੀ ਹੈ ਵੁਹ ਤੋ ਹਮ ਹੈਂ ਬਰੀ ਹਰ ਗੁਨਾਹ ਸੇ ।**
**ਉਸ ਨੇ ਫ਼ਰੇਬ ਖੇਲਾ ਥਾ ਪੁਸ਼ਤ-ਏ-ਪਨਾਹ ਸੇ ।**
**ਮਰਨੇ ਪਿਤਾ ਕੇ ਵਾਸਤੇ ਹਮ ਆਏ ਚਾਹ ਸੇ ।**
**ਕਾਮ ਇਸ ਨੇ ਭਾਈਯੋਂ ਸੇ ਕੀਯਾ ਥਾ ਯਜ਼ੀਦ ਕਾ ।**
**ਦਾਰਾ ਕਾ ਹੈ, ਮੁਰਾਦ ਕਾ ਹੈ ਰੁਤਬਾ ਸ਼ਹੀਦ ਕਾ।’**
**-(ਸੂਫ਼ੀ ਸ਼ਾਇਰ ਮਿਰਜ਼ਾ ਅੱਲ੍ਹਾ ਯਾਰ ਖਾਂ ਜੋਗੀ)**

ਅਜਿਹਾ ਦਲੇਰਾਨਾ ਅਣਖ ਭਰਿਆ ਜੁਆਬ ਸੁਣ ਕੇ ਸੂਬਾ ਸਰਹਿੰਦ ਦੀ ਜੀਭ ਦੰਦਾਂ ਹੇਠ ਆ ਗਈ ਜ਼ਖ਼ਮੀ ਨਾਗ ਵਾਂਗ ਵਿਸ ਘੋਲਣ ਲੱਗ ਪਿਆ।

ਉਪਰੋਂ ਸੁੱਚੇ ਨੰਦ ਦੇ ਰੂਪ ਵਿੱਚ ਸ਼ੈਤਾਨੀਅਤ ਨੇ ਬਲਦੀ ‘ਤੇ ਤੇਲ ਪਾਉਣ ਦਾ ਘਿਨਾਉਣਾ ਕਰਮ ਕੀਤਾ ਕਿ ਕਾਬੂ ਆਏ ਦੁਸ਼ਮਣ ਦੇ ਬੱਚਿਆਂ ਨੂੰ ਦੁਸ਼ਮਣ ਸਮਝ ਕੇ ਹੀ ਵਿਵਹਾਰ ਕਰਨਾ ਚਾਹੀਦਾ ਹੈ ਏਨਾ ਨੂੰ ਛੱਡਣ ਦੀ ਗਲਤੀ ਹਰਗਿਜ਼ ਨਹੀਂ ਕਰਨੀ ਚਾਹੀਦੀ।

**‘ਖੇਂਚੋ ਜ਼ਬਾਨੇਂ ਬਰ-ਸਰ-ਏ-ਬਰਬਾਰ ਐਸੋਂ ਕੀ ।**
**ਮੇਰਾ ਜੋ ਬਸ ਚਲੇ ਹੈ ਸਜ਼ਾ ਦਾਰ ਐਸੋਂ ਕੀ । ‘**

-0-

**‘ਮਨਜ਼ੂਰ ਜਬ ਕਿ ਸਾਂਪ ਕਾ ਸਰ ਭੀ ਹੈ ਤੋੜਨਾ ।**
**ਬੇਜਾ ਹੈ ਫਿਰ ਤੋ ਬੱਚਾ-ਏ-ਅਫਈ ਕੋ ਛੋੜਨਾ ।**
**ਦਸਵੇਂ ਗੁਰੂ ਕਾ ਹੈ ਜੋ ਖ਼ਜ਼ਾਨਾ ਬਟੋਰਨਾ ।**
**ਬੱਚੇ ਕੀ ਪਹਲੇ ਬਾਪ ਸੇ ਗਰਦਨ ਮਰੋੜਨਾ ‘**
**-(ਸੂਫ਼ੀ ਸ਼ਾਇਰ ਮਿਰਜ਼ਾ ਅੱਲ੍ਹਾ ਯਾਰ ਖਾਂ ਜੋਗੀ)**

ਸੂਬੇ ਸਰਹਿੰਦ ਨੇ ਕਾਜ਼ੀ ਨੂੰ ਫਤਵਾ ਸੁਣਾਉਣ ਲਈ ਆਖਿਆ ਤਾਂ ਮੁਹੰਮਦ ਬਿਨ ਸਈਦ ਜਾਂ ਹਾਸਿਮ ਨਾਂਅ ਦੇ ਕਾਜ਼ੀ ਨੇ ਪਹਿਲਾਂ ਇਸਲਾਮ ਦੇ ਅਸੂਲਾਂ ਦੇ ਮੱਦੇਨਜ਼ਰ ਬੇਗੁਨਾਹ ਮਸੂਮਾਂ ਨੂੰ ਸਜ਼ਾ ਸੁਣਾਉਣ ਤੋਂ ਕੁਝ ਪਿਛਾਂਹ ਝਿਜਕਿਆ ਤੇ ਫਿਰ ਆਕਾਵਾਂ ਦੀ ਘੂਰੀ ਨਾਲ ਧਰਮ/ ਇਮਾਨ (ਸਰਾ ਦੇ ਅਸੂਲਾਂ ਨੂੰ ਦਰਕਿਨਾਰ ਕਰਦਿਆਂ ਉਨ੍ਹਾਂ ਨੂੰ ਖੁਸ਼ ਕਰਨ ਲਈ ਉਸ ਕਾਜ਼ੀ ਨੇ ਫਤਵਾ ਸੁਣਾ ਦਿੱਤਾ,’ ਏਨਾ ਬਾਲਕਾਂ ਨੂੰ ਜਿੰਦਾ ਹੀ ਨੀਂਹਾਂ ਵਿੱਚ ਚਿਣ ਦਿੱਤਾ ਜਾਵੇ।’

ਫਤਵਾ ਸੁਣਦਿਆਂ ਹੀ ਮਲੇਰ ਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਦੇ ਰੂਪ ਵਿੱਚ ਇਨਸਾਨੀਅਤ ਤੜਫ ਉਠੀ ਤੇ ਹਾਅ ਦਾ ਨਾਅਰਾ ਮਾਰਿਆ,’ਐ ਸੂਬੇ ਸਰਹਿੰਦ! ਐਹ ਕਿਧਰ ਦਾ ਇਨਸਾਫ ਐ ਸਰਾ ਦੀ ਕਿਹੜੀ ਕਿਤਾਬ ਵਿਚ ਲਿਖਿਆ ਕਿ ਕਿਸੇ ਦਾ ਬਦਲਾ ਕਿਸੇ ਤੋਂ ? ਉਹ ਵੀ ਬੇ ਕਸੂਰ ਮਸੂਮਾਂ ਤੋਂ ? ਐਹ ਸਭ ਘੋਰ ਬੇਇਨਸਾਫ਼ੀ ਐ।’

**‘ਕਹਨੇ ਲਗੇ ਵੁਹ ਤੁਮ ਤੋ ਨਿਹਾਯਤ ਜ਼ਲੀਲ ਹੋ ।**
**ਨਾਮਰਦੀ ਕੀ ਬਤਾਤੇ ਜਰੀ ਕੋ ਸਬੀਲ ਹੋ ।**
**ਮੁਖ਼ਤਾਰ ਤੁਮ ਹਮਾਰੇ ਹੋ ਯਾ ਤੁਮ ਵਕੀਲ ਹੋ ?**
**ਨਾਹਕ ਬਯਾਨ ਕਰਤੇ ਜੋ ਬੋਦੀ ਦਲੀਲ ਹੋ ।**
**ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ ।**
**ਮਹਫ਼ੂਸ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ ।**
**( ਸੂਫ਼ੀ ਸ਼ਾਇਰ ਮਿਰਜ਼ਾ ਅੱਲ੍ਹਾ ਯਾਰ ਖਾਂ ਜੋਗੀ)**

ਪਰ ਚੰਡਾਲ ਸਭਾ ਵਿਚ ਸ਼ੈਤਾਨੀਅਤ ਭਾਰੂ ਰਹੀ ਤੇ ਆਖਰ ਨਿੱਕੀਆਂ ਜਿੰਦਾਂ, ਵੱਡਾ ਸਾਕਾ ਵਰਤਾ ਗਈਆਂ।

**‘ਦੋ ਬੜੀਆਂ ਕੀਮਤੀ ਜਿੰਦਾ ਨੀਂਹਾਂ ‘ਚ**
**ਆਣ ਖਲੋ ਗਈਆਂ’**
**ਇਹ ਤਕ ਕੇ ਤਸੀਹਾ ਗ਼ਮ ਦਾ ਕੰਧਾਂ**
**ਵੀ ਪਾਗ਼ਲ ਹੋ ਗਈਆਂ।’**

ਓਧਰ ਮਾਤਾ ਗੁਜਰੀ ਜੀ ਵੀ ਠੰਢੇ ਬੁਰਜ ਵਿੱਚ ਗੁਰ ਪੁਰੀ ਪਿਆਨਾ ਕਰ ਗਏ।

**‘ਹਮ ਜਾਨ ਦੇ ਕੇ ਔਰੌਂ ਕੀ ਜਾਨੇਂ ਬਚਾ ਚਲੇ ।**
**ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ ।’**

ਸਮੇਂ ਦਾ ਧਨੀ ਦੀਵਾਨ ਟੋਡਰ ਮੱਲ ਜੋ ਦਿਲ ਦਾ ਵੀ ਧਨੀ ਸੀ, ਨੇ ਖੜੇਦਾਰ ਸੋਨੇ ਦੀਆਂ ਮੋਹਰਾਂ ਵਿਛਾ ਕੇ ਮੁਗ਼ਲ ਹੁਕਮਰਾਨ ਤੋਂ ਜ਼ਮੀਨ ਖਰੀਦੀ ਤੇ ਸ਼ਹੀਦਾਂ ਦੇ ਅੰਤਿਮ ਸਰਕਾਰ ਕਰਕੇ ਇਨਸਾਨੀਅਤ ਧਰਮ ਦੀ ਪਾਲਣਾ ਕੀਤੀ। ਇਸ ਪਾਕ ਪਵਿੱਤਰ ਜਗ੍ਹਾ (ਜਿਥੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਸੁਸ਼ੋਭਿਤ) ਨੂੰ ਸਭ ਤੋਂ ਮਹਿੰਗੀ ਜਗ੍ਹਾ ਹੋਣ ਦਾ ਸਦੀਵੀ ਮਾਣ ਪ੍ਰਾਪਤ ਹੈ।

ਸਾਕਾ ਸਰਹਿੰਦ ਸਮੇਂ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਵੱਲੋਂ ਹਾਅ ਦਾ ਨਾਅਰਾ ਮਾਰਨਾ ਅਤੇ ਦੀਵਾਨ ਟੋਡਰ ਮੱਲ ਵੱਲੋਂ ਸ਼ਹੀਦਾਂ ਦਾ ਅੰਤਿਮ ਸੰਸਕਾਰ ਹੋਣਾ ਇਹ ਗੱਲ ਸਪੱਸ਼ਟ ਕਰਦੇ ਹਨ ਕਿ ਇਨਸਾਨੀਅਤ ਹਮੇਸ਼ਾਂ ਹੀ ਸਭ ਤੋਂ ਉਚੀ ਤੇ ਸੁੱਚੀ ਰਹੀ ਹੈ ਤੇ ਰਹੇਗੀ ਵੀ।

**-ਮਾਸਟਰ ਲਖਵਿੰਦਰ ਸਿੰਘ ਰਈਆ ਹਵੇਲੀਆਣਾ**

# ਪੰਜਾਬ ਦੀਆਂ ਲੋਕ-ਲਹਿਰਾਂ ਦਾ ਸਮਾਜ ਅਤੇ ਸਾਹਿਤ ਉਪਰ ਪ੍ਰਭਾਵ



ਡਾ. ਰਾਜਵੰਤ ਕੌਰ ਪ੍ਰੀਤ ਮਾਨ

ਮੰਨਿਆਂ ਗਿਆ ਹੈ ਕਿ ਲੋਕ-ਲਹਿਰਾਂ ਇਤਿਹਾਸ ਸਿਰਜਦੀਆਂ ਹਨ, ਲੋਕ-ਸਮੂਹ ਨੂੰ ਆਪਣੇ ਹੱਕਾਂ ਅਤੇ ਫ਼ਰਜ਼ਾਂ ਪ੍ਰਤੀ ਜਾਗਰਿਤ ਕਰਦੀਆਂ ਹਨ ਤੇ ਸਮੇਂ ਦੀਆਂ ਸਰਕਾਰਾਂ ਦੀਆਂ ਲੋਕ-ਵਿਰੋਧੀ ਨੀਤੀਆਂ ਦੇ ਖਿਲਾਫ਼ ਭੁਗਤਦੀਆਂ ਹਨ। ਇਨ੍ਹਾਂ ਲਹਿਰਾਂ ਦਾ ਸਮਕਾਲੀ ਸਾਹਿਤ ਉਪਰ ਪ੍ਰਭਾਵ ਪੈਣਾ ਸੁਭਾਵਕ ਹੈ। ਪੰਜਾਬ ਵਿੱਚ ਉੱਨੀਵੀਂ ਤੇ ਵੀਹਵੀਂ ਸਦੀ ਵਿੱਚ ਦੋ ਤਰ੍ਹਾਂ ਦੀਆਂ ਲਹਿਰਾਂ ਚੱਲੀਆਂ - ਧਾਰਮਿਕ ਅਤੇ ਰਾਜਸੀ। ਧਾਰਮਿਕ ਲਹਿਰਾਂ ਵਿੱਚ ਇਹ ਸ਼ਾਮਲ ਸਨ -

1. ਈਸਾਈ ਧਰਮ ਪ੍ਰਚਾਰ ਦੀ ਲਹਿਰ, 2. ਸਿੰਘ ਸਭਾ ਲਹਿਰ, 3. ਆਰੀਆ ਸਮਾਜ ਲਹਿਰ, 4. ਨਾਮਧਾਰੀ ਲਹਿਰ ਅਤੇ 5. ਨਿਰੰਕਾਰੀ ਲਹਿਰ। ਇਨ੍ਹਾਂ ਲਹਿਰਾਂ ਦਾ ਸਮਾਂ 1850 ਤੋਂ 1900 ਈਸਵੀ ਤੱਕ ਸੀ ਪਰ ਬਾਅਦ ਵਿੱਚ ਵੀ ਪ੍ਰਭਾਵ ਜਾਰੀ ਰਿਹਾ।

1. ਈਸਾਈ ਲਹਿਰ - ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੇ ਦੁੱਖਦਾਈ ਪਤਨ ਤੋਂ ਬਾਅਦ ਸਾਰੇ ਪੰਜਾਬ ਉੱਤੇ ਅੰਗ੍ਰੇਜ਼ੀ ਸਾਮਰਾਜ ਦਾ ਕਬਜ਼ਾ ਹੋ ਗਿਆ। ਲੁਧਿਆਣਾ ਸ਼ਹਿਰ ਵਿੱਚ ਤਾਂ ਇਸ ਤੋਂ ਪਹਿਲਾਂ ਤੋਂ ਹੀ ਈਸਾਈ ਧਰਮ ਪ੍ਰਚਾਰਕ ਕੇਂਦਰ ਸਥਾਪਿਤ ਹੋ ਚੁੱਕੇ ਸਨ। ਇਨ੍ਹਾਂ ਨੂੰ ਮਿਸ਼ਨ ਕਿਹਾ ਜਾਂਦਾ ਸੀ। ਇਨ੍ਹਾਂ ਦੇ ਦੋ ਕੰਮ ਸਨ, ਪਹਿਲਾ - ਦੇਸੀ ਭਾਸ਼ਾ ਸਿੱਖ ਕੇ ਇਸ ਵਿੱਚ ਈਸਾਈ ਧਰਮ ਦੇ ਨਿਯਮ ਅਤੇ ਗੀਤ ਪ੍ਰਕਾਸ਼ਿਤ ਕਰ ਕੇ ਲੋਕਾਂ ਵਿੱਚ ਵੰਡਣਾ ਅਤੇ ਦੂਜਾ ਵਧੀਆ ਕੰਮ ਸਕੂਲ, ਕਾਲਜ, ਹਸਪਤਾਲ ਬਨਾਉਣਾ ਸੀ। ਲੋਕਾਂ ਨੂੰ ਵਿੱਦਿਆ ਹਾਸਲ ਕਰਨ ਦਾ ਮੌਕਾ ਮਿਲਦਾ ਸੀ। ਇਸ ਤਰ੍ਹਾਂ ਇਸ ਲਹਿਰ ਨੇ ਪੰਜਾਬੀ ਸਾਹਿਤ ਦੇ ਪਸਾਰ ਵਿੱਚ ਚੰਗਾ ਯੋਗਦਾਨ ਪਾਇਆ।

2. ਸਿੰਘ ਸਭਾ ਲਹਿਰ - ਇਸ ਲਹਿਰ ਦਾ ਮੁੱਖ ਉਦੇਸ਼ ਉਸ ਸਮੇਂ ਸਿੱਖਾਂ ਅੰਦਰ ਪੈਦਾ ਹੋਈ ਅਗਿਆਨਤਾ ਤੇ ਗਿਰਾਵਟ ਨੂੰ ਦੂਰ ਕਰਨਾ ਸੀ। ਸਰਦਾਰ ਠਾਕਰ ਸਿੰਘ ਨੇ ਹੋਰ ਸਿੱਖ ਵਿਦਵਾਨਾਂ ਨਾਲ਼ ਮਿਲ ਕੇ ਸਿੰਘ ਸਭਾ ਬਣਾਈ। ਦੇਖਾ-ਦੇਖੀ ਹੋਰ ਸਿੰਘ ਸਭਾਵਾਂ ਬਣ ਗਈਆਂ। ਇਹ ਲਹਿਰ ਸੰਨ 1872 ਤੋਂ 1904 ਤੱਕ ਸਾਰੇ ਪੰਜਾਬ ਵਿੱਚ ਫੈਲ ਗਈ। ਇਸ ਨਾਲ਼ ਲੋਕਾਂ ਵਿੱਚ ਪੰਜਾਬੀ ਸਾਹਿਤ ਪੜ੍ਹਨ ਦਾ ਸ਼ੌਕ ਪੈਦਾ ਹੋਇਆ। ਬਹੁਤ ਸਾਰੇ ਲੇਖਕ ਤੇ ਕਵੀ ਪੈਦਾ ਹੋਏ ਜਿੰਨ੍ਹਾਂ ਵਿੱਚ ਗਿਆਨੀ ਦਿੱਤ ਸਿੰਘ, ਗੁਰਮੁਖ ਸਿੰਘ, ਡਾ. ਚਰਨ ਸਿੰਘ, ਭਾਈ ਵੀਰ ਸਿੰਘ ਦੇ ਨਾਂ ਵਰਨਣਯੋਗ ਹਨ। ਪੰਜਾਬੀ ਸਾਹਿਤ ਰਚਨਾ ਦਾ ਦੌਰ ਸ਼ੁਰੂ ਹੋ ਗਿਆ। ਮਗਰੋਂ ਹੋਰ ਮਹਾਨ ਲੇਖਕ ਸਾਹਿਤ ਰਚਨਾ ਕਰਦੇ ਰਹੇ ਜਿੰਨ੍ਹਾਂ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਨਾਨਕ ਸਿੰਘ, ਧਨੀ ਰਾਮ ਚਾਤ੍ਰਿਕ, ਕਿਰਪਾ ਸਾਗਰ, ਦੀਵਾਨ ਸਿੰਘ ਕਾਲੇਪਾਣੀ ਤੇ ਹੋਰ ਬਹੁਤ ਸ਼ਾਮਲ ਹਨ। ਸਿੰਘ ਸਭਾ ਦੇ ਯਤਨਾਂ ਨਾਲ਼ ਖਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਹੋਈ । ਇਹ ਪੰਜਾਬੀ ਦੇ ਸਾਹਿਤਕਾਰਾਂ ਤੇ ਵਿਦਵਾਨਾਂ ਦਾ ਮੁੱਖ ਕੇਂਦਰ ਬਣਿਆ ਰਿਹਾ ਹੈ। ਇਸ ਦੇ ਫਲਸਰੂਪ ਨਵੇਂ ਸਾਹਿਤਕਾਰ ਪੁੰਗਰਦੇ ਤੇ ਮਕਬੂਲ ਹੁੰਦੇ ਰਹੇ ਹਨ। ਜਿੱਥੇ ਇਸ ਲਹਿਰ ਨੇ ਪੰਜਾਬੀ ਬੋਲੀ ਅਤੇ ਸਾਹਿਤ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ ਉੱਥੇ ਪੰਜਾਬ ਦੇ ਹਿੰਦੂ ਮੁਸਲਮਾਨਾਂ ਦੇ ਦਿਲਾਂ ਵਿੱਚ ਇਹ ਖਿਆਲ ਆਉਂਦਾ ਗਿਆ ਕਿ ਪੰਜਾਬੀ ਕੇਵਲ ਸਿੱਖਾਂ ਦੀ ਭਾਸ਼ਾ ਹੈ। ਉਨ੍ਹਾਂ ਦਾ ਝੁਕਾਅ ਹਿੰਦੀ ਅਤੇ ਉਰਦੂ ਵੱਲ ਵਧੇਰੇ ਹੋਣ ਲੱਗ ਪਿਆ।

3. ਆਰੀਆ ਸਮਾਜ ਲਹਿਰ - ਇਸ ਲਹਿਰ ਦੇ ਮੋਢੀ ਸਵਾਮੀ ਦਯਾ ਨੰਦ ਸਰਸਵਤੀ ਸਨ। ਉਹ ਪੰਜਾਬੀ ਨਹੀਂ ਸਨ ਪਰ ਬਹੁਤਾ ਪ੍ਰਚਾਰ ਪੰਜਾਬ ਵਿੱਚ ਕੀਤਾ। ਉਨ੍ਹਾਂ ਨੇ ਸੱਤਿਆਰਥ ਪ੍ਰਕਾਸ਼ ਵਿੱਚ ਗੁਰੂ ਨਾਨਕ ਦੇਵ ਜੀ ਬਾਰੇ ਕੁਝ ਅਣਸੁਖਾਵੀਆਂ ਗੱਲਾਂ ਕਹੀਆਂ ਜਿਸ ਕਰ ਕੇ ਸਿੰਘ ਸਭਾ ਲਹਿਰ ਵਿਰੋਧ ਵਿੱਚ ਹੋਰ ਤੇਜ਼ ਹੋ ਗਈ (ਹਵਾਲਾ- ਪੰਜਾਬੀ ਸਾਹਿਤ ਦਾ ਇਤਿਹਾਸ - ਪਿਆਰਾ ਸਿੰਘ ਭੋਗਲ)। ਸਿੱਧੇ ਤੌਰ ’ਤੇ ਆਰੀਆ ਸਮਾਜ ਲਹਿਰ ਨੇ ਪੰਜਾਬੀ ਸਾਹਿਤ ਵਿੱਚ ਕੋਈ ਯੋਗਦਾਨ ਨਹੀਂ ਪਾਇਆ। ਸਗੋਂ ਨੁਕਸਾਨ ਇਹ ਹੋਇਆ ਕਿ ਪੰਜਾਬ ਦੇ ਬਹੁਤੇ ਹਿੰਦੂਆਂ ਨੂੰ ਪੰਜਾਬੀ ਨਾਲ਼ੋਂ ਤੋੜ ਕੇ ਹਿੰਦੀ ਨਾਲ਼ ਜੋੜ ਦਿੱਤਾ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਹਿੰਦੂ-ਸਿੱਖ ਖਿੱਚੋਤਾਣ ਅਜੇ ਤੱਕ ਘਟਣ ਦਾ ਨਾਂ ਨਹੀਂ ਲੈਂਦੀ। ਇਸ ਖਿੱਚੋਤਾਣ ਨੇ ਪੰਜਾਬੀ ਸੂਬਾ ਬਨਣ ਵਿੱਚ ਬਹੁਤ ਨੁਕਸਾਨ ਕੀਤਾ ਹੈ, ਕਿੰਨੇ ਹੀ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਵਿੱਚ ਸ਼ਾਮਲ ਕਰ ਦਿੱਤੇ ਗਏ ਹਨ।

4. ਨਾਮਧਾਰੀ ਲਹਿਰ - ਇਸ ਨੂੰ ਕੂਕਾ ਲਹਿਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਪੈਰੋਕਾਰ ਉੱਚੀਆਂ ਸੁਰਾਂ ਵਿੱਚ ਕੀਰਤਨ ਕਰਦੇ ਹਨ। ਇਸ ਲਹਿਰ ਦੇ ਮੋਢੀ ਭਾਈ ਬਾਲਕ ਸਿੰਘ ਹਾਜਰੋ ਨੂੰ ਮੰਨਿਆਂ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗ੍ਰੇਜ਼ ਫੌਜਾਂ ਤੇ ਸਿੱਖ ਫੌਜਾਂ ਦਰਮਿਆਨ ਜੋ ਲੜਾਈਆਂ ਹੋਈਆਂ ਉਨ੍ਹਾਂ ਵਿੱਚ ਸਿੱਖ ਫੌਜਾਂ ਨੂੰ ਆਪਣੇ ਹੀ ਜਰਨੈਲਾਂ ਦੀ ਗ਼ਦਾਰੀ ਕਾਰਨ ਹਾਰ ਦਾ ਮੂੰਹ ਦੇਖਣਾ ਪਿਆ। ਰਾਮ ਸਿੰਘ ਸਿੱਖ ਫੌਜ ਵਿੱਚ ਸਿਪਾਹੀ ਸੀ। ਮੁੱਦਕੀ ਦੀ ਲੜਾਈ ਦੀ ਹਾਰ ਤੋਂ ਮਗਰੋਂ ਉਸ ਨੇ ਫੌਜ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਆਪਣੇ ਪਿੰਡ, ਭੈਣੀ (ਲੁਧਿਆਣਾ-ਸਮਰਾਲ਼ਾ ਰੋਡ ਤੇ ਸਥਿਤ) ਚਲਾ ਗਿਆ। ਉਹ ਭਾਈ ਬਾਲਕ ਸਿੰਘ ਦਾ ਸ਼ਰਧਾਲੂ ਨਾਮਧਾਰੀ ਸਿੱਖ ਸੀ। ਭੈਣੀ ਵਿਖੇ ਨਾਮਧਾਰੀ ਸਿੱਖ ਸਥਾਨ ਬਣਾ ਲਿਆ। ਨਾਮਧਾਰੀ ਲਹਿਰ ਇਕ ਸਮਾਜ ਸੁਧਾਰਕ ਤੇ ਅੰਗ੍ਰੇਜ਼ ਸਰਕਾਰ ਦੀਆਂ ਲੋਕ-ਵਿਰੋਧੀ ਗਤੀਵਿਧੀਆਂ ਦੇ ਖਿਲਾਫ਼ ਸੀ। ਜਾਨਵਰਾਂ ਖਾਸ ਕਰ ਕੇ ਗਊ ਹੱਤਿਆ ਦੇ ਵਿਰੁੱਧ ਸੀ, ਸ਼ਾਕਾਹਾਰੀ ਭੋਜਨ ਖਾਣ, ਸਫ਼ੈਦ ਕੱਪੜੇ ਪਹਿਨਣ, ਜਾਤ ਪਾਤ ਖ਼ਤਮ ਕਰਨ, ਸਾਦੇ ਵਿਆਹ ਕਰਨ, ਵਿਧਵਾ ਵਿਆਹ ਦੇ ਹੱਕ ਵਿੱਚ ਹਨ। ਵਿਦੇਸ਼ੀ ਵਸਤਾਂ ਦੀ ਬਜਾਏ ਦੇਸੀ ਵਰਤਣ ਦੇ ਹਾਮੀ ਹਨ। ਇਹ ਗੁਰੂ ਗੋਬਿੰਦ ਸਿੰਘ ਤੋਂ ਮਗਰੋਂ ਗਿਆਰ੍ਹਵਾਂ ਗੁਰੂ ਬਾਬਾ ਬਾਲਕ ਸਿੰਘ ਨੂੰ ਅਤੇ ਬਾਰ੍ਹਵਾਂ ਗੁਰੂ ਬਾਬਾ ਰਾਮ ਸਿੰਘ ਨੂੰ ਦੇਹਧਾਰੀ ਗੁਰੂਆਂ ਵਜੋਂ ਮੰਨਦੇ ਹਨ। ਜਨਵਰੀ 15-16 ਨੂੰ ਵੱਡੀ ਘਟਨਾ ਵਾਪਰੀ। ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਵਿੱਚ ਕੋਈ ਦੋ ਸੌ ਕੂਕੇ ਗਊ ਹੱਤਿਆ ਅਤੇ ਅੰਗ੍ਰੇਜ਼ੀ ਸਰਕਾਰ ਦੇ ਕਾਲ਼ੇ ਕਾਨੂੰਨਾਂ ਦੇ ਵਿਰੋਧ ਵਿੱਚ ਮਲੇਰਕੋਟਲੇ ਵਿੱਚ ਜਲੂਸ ਕੱਢ ਰਹੇ ਸਨ। ਰੱਕੜ ਦੇ ਮੈਦਾਨ ਵਿੱਚ ਕੋਈ 66 ਕੂਕਿਆਂ ਨੂੰ ਤੋਪਾਂ ਨਾਲ਼ ਭੁੰਨ ਦਿੱਤਾ ਜਿੱਥੇ ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਹੁਣ ਸਮਾਰਕ ਬਣਿਆ ਹੋਇਆ ਹੈ। ਬਾਬਾ ਰਾਮ ਸਿੰਘ ਨੂੰ 1872 ਵਿੱਚ ਦੇਸਨਿਕਾਲ਼ਾ ਦੇ ਕੇ ਬਰ੍ਹਮਾ ਭੇਜ ਦਿੱਤਾ ਜਿੱਥੇ 29 ਨਵੰਬਰ, 1885 ਨੂੰ ਉਨ੍ਹਾਂ ਦੀ ਮੌਤ ਹੋਈ ਦੱਸੀ ਜਾਂਦੀ ਹੈ। ਇਸ ਲਹਿਰ ਦੇ ਪੰਜਾਬੀ ਸਮਾਜ ਅਤੇ ਸਾਹਿਤ ਉਪਰ ਚੰਗੇ ਪ੍ਰਭਾਵ ਪਏ ਹਨ। ਆਜ਼ਾਦੀ ਦੀ ਲੜਾਈ ਵਿੱਚ ਵੀ ਤਕੜਾ ਯੋਗਦਾਨ ਰਿਹਾ ਹੈ। ਗੁਰਮਤਿ ਸੰਗੀਤ ਅਤੇ ਸ਼ਾਸ਼ਤਰੀ ਸੰਗੀਤ ਨੂੰ ਵੀ ਚੰਗੀ ਦੇਣ ਹੈ।


5. ਨਿਰੰਕਾਰੀ ਲਹਿਰ - ਸਿੱਖ ਧਰਮ ਵਿੱਚੋਂ ਉੱਭਰੀ ਨਿਰੰਕਾਰੀ ਲਹਿਰ ਦਾ ਮੁੱਢ ਬਾਬਾ ਦਿਆਲ ਦਾਸ ਨੇ 1951 ਵਿੱਚ ਬੰਨ੍ਹਿਆਂ। ਇਸ ਸੰਪਰਦਾ ਦਾ ਪਹਿਲਾ ਦਰਬਾਰ ਰਾਵਲਪਿੰਡੀ ਵਿਖੇ ਬਣਾਇਆ। ਬਾਬਾ ਦਿਆਲ ਦਾਸ ਨਾਮਧਾਰੀ ਸਿੱਖ ਸੀ ਜਿਸ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਦਾ ਪ੍ਰਚਾਰ ਕਰਨਾ ਸੀ।



ਇਸ ਦੇ ਪੈਰੋਕਾਰ ਆਮ ਸਹਿਜਧਾਰੀ ਸਿੱਖ ਹੁੰਦੇ ਹਨ। ਪੰਜਾਬ ਦੀ ਵੰਡ ਤੋਂ ਬਾਅਦ ਨਿਰੰਕਾਰੀ ਚੰਡੀਗੜ੍ਹ, ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਵਸ ਗਏ। ਇਸ ਸੰਪਰਦਾ ਨੇ ਕਈ ਸਮਾਜ ਸੁਧਾਰ ਲਾਗੂ ਕੀਤੇ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਨੰਦ ਕਾਰਜ ਦੀ ਰਸਮ ਨਾਲ਼ ਸਾਦਾ ਵਿਆਹ ਕਰਨੇ, ਨਸ਼ਿਆਂ ਦੀ ਮਨਾਹੀ, ਵੈਸ਼ਨੋ ਭੋਜਨ ਦੀ ਵਰਤੋਂ ਅਤੇ ਮੂਰਤੀ ਪੂਜਾ ਦੀ ਮਨਾਹੀ। ਇਨ੍ਹਾਂ ਨੇ ਦੇਹਧਾਰੀ ਗੁਰੂ ਦੀ ਪ੍ਰਥਾ ਚਲਾਈ ਰੱਖੀ ਹੈ ਜਿਸ ਦੀ ਸਿੱਖ ਧਰਮ ਵਿੱਚ ਮਨਾਹੀ ਹੈ। ਇਹ ਮੁਰਦੇ ਦੀ ਲਾਸ਼ ਨੂੰ ਅਗਨੀ ਭੇਟ ਨਹੀਂ ਕਰਦੇ, ਨਾ ਹੀ ਦਫ਼ਨ ਕਰਦੇ ਹਨ, ਸਗੋਂ ਕੱਪੜੇ ਵਿੱਚ ਲਪੇਟ ਕੇ ਜਲ-ਪ੍ਰਵਾਹ ਕਰਦੇ ਹਨ। ਇਉਂ ਇਨ੍ਹਾਂ ਦਾ ਸਿੱਖਾਂ ਨਾਲ਼ ਟਕਰਾਅ ਚਲਿਆ ਆ ਰਿਹਾ ਹੈ। ਇਹ ਟਕਰਾਅ ਭਿਆਨਕ ਰੂਪ ਵਿੱਚ ਉਦੋਂ ਪ੍ਰਗਟ ਹੋਇਆ ਜਦੋਂ 1978 ਦੀ ਵਿਸਾਖੀ ਵਾਲ਼ੇ ਦਿਨ ਨਿਰੰਕਾਰੀ ਪੈਰੋਕਾਰ ਆਪਣੇ ਦੇਹਧਾਰੀ ਗੁਰੂ ਬਾਬਾ ਗੁਰਬਚਨ ਸਿੰਘ ਦੀ ਅਗਵਾਈ ਵਿੱਚ ਅੰਮ੍ਰਿਤਸਰ ਵਿਖੇ ਇਕੱਤਰਤਾ ਕਰ ਰਹੇ ਸਨ। ਉਦੋਂ ਇਸ ਨੂੰ ਰੋਕਣ ਲਈ ਫੌਜਾ ਸਿੰਘ ਦੀ ਅਗਵਾਈ ਵਿੱਚ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜੱਥੇ ਨੇ ਵਿਰੋਧ ਕੀਤਾ। ਇਸ ਟਕਰਾਅ ਸਮੇਂ ਗੋਲੀਬਾਰੀ ਦੌਰਾਨ 13 ਸਿੱਖ ਅਤੇ 3 ਨਿਰੰਕਾਰੀ ਮਾਰੇ ਗਏ। ਇਸ ਮਗਰੋਂ ਦੇ ਘਟਨਾਕ੍ਰਮ ਵਜੋਂ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕੀਤਾ ਗਿਆ ਜਿਸ ਅਨੁਸਾਰ ਸਿੱਖਾਂ ਨੂੰ ਨਿਰੰਕਾਰੀਆਂ ਦਾ ਮੁਕੰਮਲ ਬਾਈਕਾਟ ਕਰਨ ਦਾ ਆਦੇਸ਼ ਹੋਇਆ। ਫਿਰ 1980 ਵਿੱਚ ਅਖੰਡ ਕੀਰਤਨੀ ਜਥੇ ਦੇ ਭਾਈ ਰਣਜੀਤ ਸਿੰਘ ਨੇ ਬਾਬਾ ਗੁਰਬਚਨ ਸਿੰਘ ਦਾ ਕਤਲ ਕਰ ਦਿੱਤਾ ਅਤੇ 12 ਸਾਲ ਜੇਲ੍ਹ ਕੱਟੀ। ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ। ਇਸ ਟਕਰਾਅ ਵਜੋਂ ਪੰਜਾਬ ਦੇ ਲੋਕਾਂ ਨੂੰ ਬਹੁਤ ਮਾੜੇ ਦਿਨ ਵੇਖਣੇ ਪਏ।











# ਉਸ ਵੇਲੇ ਮੈਨੂੰ ਪਤਾ ਹੀ ਨਹੀਂ ਸੀ ਕਿ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਕੌਣ ਹੈ?



ਰਿਟਾ. ਏ.ਆਈ.ਜੀ. ਬਲਰਾਜ ਸਿੰਘ ਸਿੱਧੂ
ਮੋ. 9501100062

ਕਈ ਵਿਅਕਤੀ ਐਨੇ ਨਿਮਰ ਅਤੇ ਮਿੱਠ ਬੋਲੇ ਹੁੰਦੇ ਹਨ ਕਿ ਤੁਸੀਂ ਪਹਿਚਾਣ ਹੀ ਨਹੀਂ ਸਕਦੇ ਕਿ ਇਸ ਨੇ ਕੀ ਕਾਰਨਾਮੇ ਕੀਤੇ ਹੋਏ ਹਨ। ਉਹ ਕਦੇ ਵੀ ਆਪਣੇ ਬਾਰੇ ਫੜ੍ਹਾਂ ਨਹੀਂ ਮਾਰਦੇ। 1996 - 97 ਵਿੱਚ ਮੈਂ ਥਾਣਾ ਮੋਹਾਲੀ ਫੇਜ਼ 1 ਵਿੱਚ ਬਤੌਰ ਐਸ.ਐਚ.ਉ. ਤਾਇਨਾਤ ਸੀ। ਉਸ ਵੇਲੇ ਮੋਹਾਲੀ ਵਿੱਚ ਸਿਰਫ ਦੋ ਹੀ ਥਾਣੇ ਹੀ ਹੁੰਦੇ ਸਨ, ਫੇਜ਼ 1 ਅਤੇ ਫੇਜ਼ 8 । ਫੇਜ਼ 8 ਉਪਰੇਸ਼ਨਲ ਥਾਣਾ ਸੀ ਤੇ ਉਸ ਦੀ ਐਫ.ਆਈ.ਆਰ. ਫੇਜ਼ 1 ਵਿਖੇ ਦਰਜ਼ ਹੁੰਦੀ ਸੀ। ਮੈਂ ਜਿੰਨੇ ਵੀ ਥਾਣਿਆ ਵਿੱਚ ਤਾਇਨਾਤ ਰਿਹਾ ਸੀ, ਥਾਣਾ ਫੇਜ਼ 1 ਸਭ ਤੋਂ ਵੱਡੀ ਸਿਰਦਰਦ ਸੀ। ਨਾ ਦਿਨੇ ਚੈਨ ਮਿਲਦਾ ਸੀ ਤੇ ਨਾ ਰਾਤ ਨੂੰ, ਇੱਕ ਰਾਤ ਵਿੱਚ 3 - 3, 4 - 4 ਚੋਰੀਆਂ ਹੁੰਦੀਆਂ ਸਨ ਤੇ ਚੰਡੀਗੜ੍ਹ ਬੈਠੇ ਅਫਸਰਾਂ ਦੀਆਂ ਵਗਾਰਾਂ ਵੱਖ ਪੈਂਦੀਆਂ ਸਨ। ਕਦੇ ਕਿਸੇ ਦਾ ਕੁੱਤਾ ਬਿਮਾਰ ਹੋ ਜਾਣਾ ਤੇ ਕਦੇ ਕਿਸੇ ਦੀ ਫੁੱਲਾਂ ਦੀ ਕਿਆਰੀ ਵਾਸਤੇ ਰੂੜੀ ਜਾਂ ਵਾੜ ਵਾਸਤੇ ਕਾਨੇ ਭੇਜਣੇ ਆਦਿ। ਮੇਰਾ ਖਿਆਲ ਹੈ ਕਿ ਡੇਢ ਸਾਲ ਦੀ ਪੋਸਟਿੰਗ ਵਿੱਚ ਮੈਂ 6 - 7 ਅਫਸਰਾਂ ਦੇ ਮਾਪਿਆਂ ਦੇ ਤਾਂ ਭੋਗ ਹੀ ਪਵਾਏ ਹੋਣੇ ਆ। ਮੋਹਾਲੀ ਦਾ ਤਕਰੀਬਨ ਸਾਰਾ ਇੰਡਸਟਰੀਅਲ ਏਰੀਆਂ ਫੇਜ਼ 1 ਦੇ ਅਧੀਨ ਆਉਂਦਾ ਸੀ ਜਿੱਥੇ ਕੋਈ ਨਾ ਕੋਈ ਪਵਾੜਾ ਪਿਆ ਹੀ ਰਹਿੰਦਾ ਸੀ। ਕਦੇ ਕਿਸੇ ਯੂਨੀਅਨ ਨੇ ਹੜਤਾਲ ਕਰ ਦੇਣੀ ਕਦੇ ਕਿਸੇ ਨੇ ਭੰਨ ਤੋੜ।

ਜਦੋਂ ਮੈਂ ਥਾਣੇ ਦਾ ਚਾਰਜ ਲਿਆ ਤਾਂ ਉਸ ਵੇਲੇ ਮੋਹਾਲੀ ਵਿਖੇ ਗੋਦਰੇਜ਼ ਦੀ ਬਹੁਤ ਵੱਡੀ ਫੈਕਟਰੀ ਅਜੇ ਨਵੀਂ ਨਵੀਂ ਹੀ ਸਥਾਪਿਤ ਹੋਈ ਸੀ। ਪੰਜਾਬ ਸਰਕਾਰ ਉਸ ਨੂੰ ਆਪਣੀ ਇੱਕ ਅਹਿਮ ਪ੍ਰਾਪਤੀ ਵਜੋਂ ਪ੍ਰਚਾਰ ਰਹੀ ਸੀ ਕਿਉਂਕਿ ਉਥੇ ਸੈਂਕੜੇ ਪੰਜਾਬੀਆਂ ਨੂੰ ਰੋਜ਼ਗਾਰ ਪ੍ਰਾਪਤ ਹੋਇਆ ਸੀ। ਗੋਦਰੇਜ਼ ਭਾਰਤ ਦੀ ਚੋਟੀ ਦੀ ਕੰਪਨੀ ਹੈ ਜਿਸ ਕਾਰਨ ਉਹ ਮਜ਼ਦੂਰ ਯੂਨੀਅਨ ਜਾਂ ਹੋਰ ਪ੍ਰਸ਼ਾਸ਼ਨਿਕ ਝਗੜਿਆਂ ਸਮੇਂ ਮੁੱਖ ਮੰਤਰੀ ਤੋਂ ਘੱਟ ਕਿਸੇ ਨਾਲ ਗੱਲ ਨਹੀਂ ਸਨ ਕਰਦੇ। ਉਸ ਵੇਲੇ ਮੋਹਾਲੀ ਅਜੇ ਜਿਲ੍ਹਾ ਨਹੀਂ ਸੀ ਬਣਿਆ ਤੇ ਰੋਪੜ ਦੇ ਅਧੀਨ ਆਉਂਦਾ ਸੀ। ਰੋਪੜ ਦੇ ਉਸ ਸਮੇਂ ਦੇ ਐਸ.ਐਸ.ਪੀ. ਵੱਲੋਂ ਮੋਹਾਲੀ ਦੇ ਐਸ.ਪੀ. ਨੂੰ ਸਖਤ ਹੁਕਮ ਸਨ ਕਿ ਗੋਦਰੇਜ਼ ਫੈਕਟਰੀ ਦਾ ਖਾਸ ਧਿਆਨ ਰੱਖਣਾ ਹੈ। ਉਸ ਸਮੇਂ ਗੋਦਰੇਜ਼ ਦਾ ਚੀਫ ਸਕਿਉਰਟੀ ਅਫਸਰ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਨਾਮਕ ਵਿਅਕਤੀ ਸੀ। 5 ਫੁੱਟ 8 ਕੁ ਇੰਚ ਲੰਮੇ ਤੇ ਪਤਲੇ ਜਿਹੇ ਚਾਂਦਪੁਰੀ ਵਰਗਾ ਨਿਮਰ ਤੇ ਮਿੱਠ ਬੋਲੜਾ ਵਿਅਕਤੀ ਮੈਂ ਅੱਜ ਤੱਕ ਨਹੀਂ ਵੇਖਿਆ।

ਹਾਲਾਂਕਿ ਫੌਜ ਦੇ ਹਿਸਾਬ ਨਾਲ ਮੈਂ ਉਸ ਦੇ ਰੈਂਕ ਸਾਹਮਣੇ ਕੁਝ ਵੀ ਨਹੀਂ ਸੀ ਪਰ ਉਸ ਨੇ ਕਦੇ ਵੀ ਮੈਨੂੰ ਚਾਹ ਪਾਣੀ ਪੀਤੇ ਬਗੈਰ ਨਹੀਂ ਸੀ ਆਉਣ ਦਿੱਤਾ। ਉਸ ਦੇ ਮਿੱਠੇ ਸੁਭਾਅ ਕਾਰਨ ਮੈਂ ਜਦੋਂ ਵੀ ਉਸ ਪਾਸੇ ਗਸ਼ਤ ਕਰਨ ਜਾਣਾ ਤਾਂ ਉਸ ਨੂੰ ਜਰੂਰ ਮਿਲ ਕੇ ਆਉਣਾ। ਮੈਂ ਜਾਂ ਮੇਰੇ ਸਾਥੀਆਂ ਨੇ ਕਈ ਵਾਰ ਉਸ ਦੇ ਸਾਹਮਣੇ ਐਵੇਂ ਫੜ੍ਹਾਂ ਮਾਰ ਦੇਣੀਆਂ ਕਿ ਅਸੀਂ ਆਹ ਚੋਰ ਫੜ੍ਹਿਆ ਸੀ, ਆਹ ਕਤਲ ਕੇਸ ਹੱਲ ਕੀਤਾ ਹੈ, ਉਸ ਨੇ ਅੱਗੋਂ ਮਿੰਨ੍ਹਾ ਜਿਹਾ ਹੱਸ ਕੇ ਦਾਦ ਦੇ ਦੇਣੀ। ਉਸ ਨੇ ਸਾਡੇ ਸਾਹਮਣੇ ਕਦੇ ਵੀ ਇਹ ਭੇਤ ਨਹੀਂ ਸੀ ਖੋਲ੍ਹਿਆ ਕਿ ਉਸ ਨੇ 1971 ਦੀ ਜੰਗ ਵੇਲੇ ਰਾਜਸਥਾਨ ਬਾਰਡਰ (ਲੌਂਗੇਵਾਲਾ) ਵਿਖੇ 4 ਤੇ 5 ਦਸੰਬਰ ਦੀ ਦਰਮਿਆਨੀ ਰਾਤ ਨੂੰ ਸਾਰਾਗੜ੍ਹੀ ਦੀ ਜੰਗ (12 ਸਤੰਬਰ 1897) ਵਰਗਾ ਕਾਰਨਾਮਾ ਕੀਤਾ ਸੀ ਤੇ ਉਹ ਮਹਾਂਵੀਰ ਚੱਕਰ ਵਿਜੇਤਾ ਹੈ। ਨਾ ਹੀ ਦੱਸਿਆ ਕਿ ਉਸ ਨੇ 40 ਟੈਂਕਾਂ ਅਤੇ ਬਖਤਰਬੰਦ ਗੱਡੀਆਂਦੀ ਮਦਦ ਨਾਲ ਜੈਸਲਮੇਰ ‘ਤੇ ਕਬਜ਼ਾ ਕਰਨ ਲਈ ਵਧ ਰਹੇ 3000 ਪਾਕਿਸਤਾਨੀ ਸੈਨਿਕਾਂ ਦੇ ਸੁਪਨੇ ਪੰਜਾਬ ਰੈਜੀਮੈਂਟ ਦੇ ਸਿਰਫ 120 ਜਵਾਨਾਂ ਦੀ ਮਦਦ ਨਾਲ ਢਹਿ ਢੇਰੀ ਕਰ ਦਿੱਤੇ ਸਨ। ਕਿ ਉਸ ਨੇ ਸਵੇਰ ਹੋਣ ਤੱਕ ਹਵਾਈ ਮਦਦ ਮਿਲਣ ਤੋਂ ਪਹਿਲਾਂ ਪਾਕਿਸਤਾਨ ਦੇ ਕਰੀਬ 200 ਜਵਾਨ ਮਾਰ ਦਿੱਤੇ ਸਨ ਅਤੇ 12 ਟੈਂਕ ਤਬਾਹ ਕਰ ਦਿੱਤੇ ਸਨ। ਉਸ ਦਾ ਸਿਰਫ ਇੱਕ ਜਵਾਨ ਜਗਜੀਤ ਸਿੰਘ ਸ਼ਹੀਦ ਹੋਇਆ ਸੀ ਜੋ ਜੰਗ ਦੇ ਰੰਗ ਵਿੱਚ ਰੰਗਿਆ ਮੋਰਚੇ ਤੋਂ ਬਾਹਰ ਆ ਗਿਆ ਸੀ ਤੇ ਸਾਹਾਂ ਦੀ ਡੋਰ ਖਤਮ ਹੋਣ ਤੱਕ ਦੁਸ਼ਮਣਾਂ ਨੂੰ ਲਾਈਟ ਮਸ਼ੀਨਗੰਨ ਨਾਲ ਭੁੰਨਦਾ ਰਿਹਾ ਸੀ।

ਇਥੇ ਇਹ ਵਰਨਣਯੋਗ ਹੈ ਕਿ ਸੂਰਜ ਦੀ ਪਹਿਲੀ ਕਿਰਨ ਦੇ ਨਾਲ ਹੀ ਚਾਂਦਪੁਰੀ ਦੀ ਮਦਦ ਲਈ ਭਾਰਤੀ ਹਵਾਈ ਫੌਜ ਦੇ ਐਚ.ਐਫ.- 24 ਮਾਰੂਤ ਅਤੇ ਹਾਕਰ ਹੰਟਰ ਜਹਾਜ਼ ਚੜ੍ਹ ਆਏ ਸਨ ਤੇ ਉਨ੍ਹਾਂ ਨੇ ਟੀ-10 ਰਾਕਟ ਅਤੇ 30 ਮਿਲੀ ਮੀਟਰ ਤੋਪਾਂ ਨਾਲ ਅੱਗ ਵਰਸਾਉਣੀ ਸ਼ੁਰੂ ਕਰ ਦਿੱਤੀ ਸੀ। ਉਜਾੜ ਇਲਾਕੇ ਵਿੱਚ ਟੈਂਕ ਅਸਾਨ ਨਿਸ਼ਾਨਾ ਬਣਨ ਲੱਗੇ ਤੇ ਏਅਰ ਫੋਰਸ ਨੇ ਕੁੱਲ 22 ਟੈਂਕ ਹੋਰ ਤਬਾਹ ਕਰ ਦਿੱਤੇ। ਇਸ ਤੋਂ ਇਲਾਵਾ ਪਾਕਿਸਤਾਨ ਦੇ ਖੈਰਪੁਰ ਸਟੇਸ਼ਨ ‘ਤੇ ਖੜ੍ਹੀ ਟੈਂਕਾਂ, ਤੋਪਾਂ ਅਤੇ ਗੋਲਾ ਬਾਰੂਦ ਨਾਲ ਲੱਦੀ ਇੱਕ ਟਰੇਨ ਵੀ ਨਸ਼ਟ ਕਰ ਦਿੱਤੀ। ਭੱਜ ਰਹੇ ਪਾਕਿਸਤਾਨੀ ਫੌਜੀ ਲੌਂਗੇਵਾਲਾ ਪੋਸਟ ਤੋਂ ਵਰ੍ਹ ਰਹੀਆਂ ਗੋਲੀਆਂ ਦੀ ਵਾਛੜ ਨਾਲ ਡਿੱਗਣ ਲੱਗੇ। ਸਾਰੀ ਰਾਤ ਦੀ ਲੜਾਈ ਕਾਰਨ ਥੱਕੇ ਟੁੱਟੇ ਭਾਰਤੀ ਸੈਨਿਕਾਂ ਨੇ ਪਿੱਛਾ ਨਾ ਕੀਤਾ ਨਹੀਂ ਤਾਂ ਮਰਨ ਵਾਲੇ ਪਾਕਿ ਫੌਜੀਆਂ ਦੀ ਗਿਣਤੀ ਹਜ਼ਾਰਾਂ ਵਿੱਚ ਹੋਣੀ ਸੀ। ਇਸ ਸ਼ਰਮਨਾਕ ਲੱਕ ਤੋੜਵੀਂ ਹਾਰ ਕਾਰਨ ਪਾਕਿਸਤਾਨੀ ਫੌਜ ਦੁਬਾਰਾ ਅਜਿਹਾ ਸੰਗਠਿਤ ਹਮਲਾ ਨਾ ਕਰ ਸਕੀ। ਇਸ ਹਮਲੇ ਦੇ ਸੂਤਰਧਾਰ ਪਾਕਿਸਤਾਨੀ ਮੇਜਰ ਜਨਰਲ ਬੀ ਐਮ ਮੁਸਤਫਾ ਨੂੰ ਕੋਰਟ ਮਾਰਸ਼ਲ ਕਰ ਕੇ ਡਿਸਮਿਸ ਕਰ ਦਿੱਤਾ ਗਿਆ ਸੀ। ਮੇਜਰ ਕੁਲਦੀਪ ਸਿੰਘ ਚਾਂਦਪੁਰੀ ਨੂੰ ਮਹਾਂਵੀਰ ਚੱਕਰ, ਸੂਬੇਦਾਰ ਰਤਨ ਸਿੰਘ ਅਤੇ ਸਿਪਾਹੀ ਜਗਜੀਤ ਸਿੰਘ ਨੂੰ ਵੀਰ ਚੱਕਰ, ਕੈਪਟਨ ਭੈਰੋਂ ਸਿੰਘ, ਨਾਇਬ ਸੂਬੇਦਾਰ ਮਥਰਾ ਦਾਸ ਅਤੇ ਸਿਪਾਹੀ ਬਿਸ਼ਨ ਦਾਸ ਨੂੰ ਸੈਨਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਏਅਰਫੋਰਸ ਦੇ 17 ਪਾਇਲਟਾਂ ਨੇ ਇਸ ਯੁੱਧ ਵਿੱਚ ਹਿੱਸਾ ਲਿਆ ਜਿਨ੍ਹਾਂ ਵਿੱਚੋਂ 6 ਨੂੰ ਵੀਰ ਚੱਕਰ ਅਤੇ ਜੈਸਲਮੇਰ ਬੇਸ ਦੇ ਕਮਾਂਡਰ ਐਮ.ਐਸ. ਬਾਵਾ ਨੂੰ ਅਤਿ ਵਸ਼ਿਸ਼ਟ ਸੇਵਾ ਮੈਡਲ ਪ੍ਰਦਾਨ ਕੀਤੇ ਗਏ। ਇੱਕ ਸ਼ਾਨਦਾਰ ਸਮਾਰੋਹ ਵਿੱਚ 23 ਪੰਜਾਬ ਰੈਜਮੈਂਟ ਨੂੰ ਲੌਂਗੇਵਾਲਾ ਅਤੇ ਸਿੰਧ ਨਾਮਕ ਜੰਗੀ ਸਨਮਾਨ ਅਤੇ ਝੰਡੇ ਪ੍ਰਦਾਨ ਕੀਤੇ ਗਏ।

ਬਾਰਡਰ ਫਿਲਮ ਵਿੱਚ ਜਿਹੜੇ ਸੈਕੰਡ ਲੈਫਟੀਨੈਂਟ ਧਰਮਵੀਰ, ਹਵਾਲਦਾਰ ਮਥਰਾ ਦਾਸ ਅਤੇ ਨਾਇਬ ਸੂਬੇਦਾਰ ਰਤਨ ਸਿੰਘ ਆਦਿ ਸ਼ਹੀਦ ਹੋਏ ਵਿਖਾਏ ਗਏ ਹਨ, ਉਹ ਗਲਤ ਹੈ। ਇਹ ਵੀ ਵਰਨਣਯੋਗ ਹੈ ਕਿ ਚਾਂਦਪੁਰੀ ਵੱਲੋਂ ਮਦਦ ਮੰਗਣ ਲਈ ਕੀਤੇ ਵਾਇਰਲੈਸ ਮੈਸੇਜ਼ ਦੇ ਜਵਾਬ ਵਿੱਚ ਇਹ ਹੁਕਮ ਆਏ ਸਨ ਕਿ ਉਹ ਲੌਂਗੇਵਾਲਾ ਪੋਸਟ ਛੱਡ ਕੇ ਹੈੱਡਕਵਾਟਰ ‘ਤੇ ਆ ਜਾਵੇ। ਪਰ ਇਸ ਯੋਧੇ ਨੇ ਦੇਸ਼ ਦੀ ਇੱਕ ਇੰਚ ਵੀ ਜਗ੍ਹਾ ਛੱਡਣ ਦੀ ਬਜਾਏ ਜੰਗ ਵਿੱਚ ਜੂਝਣ ਦਾ ਫੈਸਲਾ ਕੀਤਾ ਸੀ। 31 ਮਾਰਚ 1997 ਨੂੰ ਮੇਰੀ ਬਦਲੀ ਮੁੱਖ ਮੰਤਰੀ ਸੁਰੱਖਿਆ ਦੀ ਹੋ ਗਈ ਸੀ ਤੇ 13 ਜੂਨ 1997 ਨੂੰ ਸੰਨੀ ਦਿਉਲ ਦੀ ਸੁਪਰ ਹਿੱਟ ਫਿਲਮ ਬਾਰਡਰ ਰਿਲੀਜ਼ ਹੋਈ ਜਿਸ ਨੇ ਬਾਕਸ ਆਫਿਸ ‘ਤੇ ਤਰਥੱਲੀ ਮਚਾ ਦਿੱਤੀ। ਇਸ ਫਿਲਮ ਕਾਰਨ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦਾ ਨਾਮ ਦੇਸ਼ ਦੇ ਕੋਨੇ ਕੋਨੇ ਵਿੱਚ ਫੈਲ ਗਿਆ। ਜਦੋਂ ਮੈਂ ਇਹ ਫਿਲਮ ਦੇਖੀ ਤਾਂ ਹੈਰਾਨ ਰਹਿ ਗਿਆ ਕਿ ਇਹ ਤਾਂ ਉਹ ਹੀ ਬੰਦਾ ਹੈ ਜਿਸ ਨਾਲ ਮੈਂ ਚਾਹ ਪੀਂਦਾ ਰਿਹਾ ਸੀ। ਮੈਂ ਅਗਲੇ ਹੀ ਦਿਨ ਤਤਕਾਲੀ ਐਸ.ਐਚ.ਉ. ਫੇਜ਼ 1 ਨੂੰ ਫੋਨ ਕੀਤਾ ਕਿ ਮੈਂ ਬਰਗੇਡੀਅਰ ਚਾਂਦਪੁਰੀ ਨੂੰ ਮਿਲਣਾ ਹੈ, ਜਰਾ ਗੋਦਰੇਜ਼ ਫੈਕਟਰੀ ਤੋਂ ਪਤਾ ਕਰ ਦਿਉ। ਦੋ ਕੁ ਘੰਟਿਆਂ ਬਾਅਦ ਉਸ ਦਾ ਫੋਨ ਆਇਆ ਕਿ ਉਹ ਤਾਂ ਇਥੋਂ ਬਦਲ ਕੇ ਮੁੰਬਈ ਹੈੱਡਕਵਾਟਰ ਜਾ ਚੁੱਕਾ ਹੈ। ਉਸ ਤੋਂ ਬਾਅਦ ਵੀ ਮੈਂ ਬਹੁਤ ਕੋਸ਼ਿਸ਼ ਕੀਤੀ, ਪਰ ਦੁਬਾਰਾ ਮੇਲ ਨਹੀਂ ਹੋ ਸਕਿਆ। 17 ਨਵੰਬਰ 2018 ਨੂੰ ਇਹ ਸੂਰਮਾ ਸਵਰਗਵਾਸ ਹੋ ਗਿਆ।

# ਜਾਣਕਾਰੀ: ਵੱਡੇ ਦਿਨ-ਛੋਟੇ ਦਿਨ

## 22 ਦਸੰਬਰ ਨੂੰ ਹੋਵੇਗਾ ਸਾਲ ਦਾ ਸਭ ਤੋਂ ਵੱਡਾ ਦਿਨ, ਇਨਵਰਕਾਰਗਿੱਲਵਿੱਚ ਦਿਨ ਦੀ ਲੰਬਾਈ ਹੋਏਗੀ 15 ਘੰਟੇ 49ਮਿੰਟ



ਹਰਜਿੰਦਰ ਸਿੰਘ ਬਸਿਆਲਾ-ਔਕਲੈਂਡ

ਨਿਊਜ਼ੀਲੈਂਡ ਵਿੱਚ ਦਿਨ ਦੀ ਲੰਬਾਈ ਸਾਲ ਭਰ ਬਦਲਦੀ ਰਹਿੰਦੀ ਹੈ, ਜਿਸਦਾ ਵੱਧ ਤੋਂ ਵੱਧ ਸਮਾਂ ਦਸੰਬਰ ਦੇ ਸੰਕ੍ਰਾਂਤੀ (solstice) ਦੇ ਆਸ-ਪਾਸ ਹੁੰਦਾ ਹੈ। 2026 ਵਿੱਚ ਸਭ ਤੋਂ ਲੰਬਾ ਦਿਨ 22 ਦਸੰਬਰ ਨੂੰ ਹੋਵੇਗਾ। ਇਸ ਦਿਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਦਿਨ ਦੀ ਲੰਬਾਈ ਇਸ ਤਰ੍ਹਾਂ ਹੋਵੇਗੀ: ਇਨਵਰਕਾਰਗਿੱਲ (ਦੱਖਣੀ ਟਾਪੂ) ਵਿਖੇ ਦਿਨ ਦੀ ਲੰਬਾਈ ਲਗਭਗ 15 ਘੰਟੇ ਅਤੇ 49 ਮਿੰਟ ਹੋਵੇਗੀ, ਡੂਨੇਡਿਨ (ਦੱਖਣੀ ਟਾਪੂ) ਦਿਨ ਦੀ ਲੰਬਾਈ ਲਗਭਗ 15 ਘੰਟੇ ਅਤੇ 44 ਮਿੰਟ, ਵੈਲਿੰਗਟਨ (ਉੱਤਰੀ ਟਾਪੂ) ਵਿਖੇ ਦਿਨ ਦੀ ਲੰਬਾਈ ਲਗਭਗ 15 ਘੰਟੇ ਅਤੇ 10 ਮਿੰਟ ਅਤੇ ਔਕਲੈਂਡ (ਉੱਤਰੀ ਟਾਪੂ) ਵਿਖੇ ਦਿਨ ਦੀ ਲੰਬਾਈ ਲਗਭਗ 14 ਘੰਟੇ ਅਤੇ 42 ਮਿੰਟ ਹੋਵੇਗੀ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਦੱਖਣੀ ਹਿੱਸਿਆਂ ਵਿੱਚ ਦਿਨ ਉੱਤਰੀ ਹਿੱਸਿਆਂ ਨਾਲੋਂ ਕਾਫ਼ੀ ਲੰਬੇ ਹੁੰਦੇ ਹਨ।


23 ਦਸੰਬਰ ਤੋਂ ਦਿਨ ਛੋਟੇ ਹੋਣੇ ਸ਼ੁਰੂ ਹੋ ਜਾਣਗੇ ਅਤੇ 23 ਜਨਵਰੀ ਤੱਕ ਦਿਨ ਦੀ ਲੰਬਾਈ 30 ਮਿੰਟ ਘਟ ਜਾਵੇਗੀ। 7 ਫਰਵਰੀ ਤੱਕ ਇੱਕ ਘੰਟੇ ਦਾ ਫਰਕ ਪੈ ਜਾਵੇਗਾ ਅਤੇ ਸਭ ਤੋਂ ਛੋਟਾ ਦਿਨ ਫਿਰ 21 ਜੂਨ ਦਾ ਹੋਵੇਗਾ ਅਤੇ ਲੰਬਾਈ ਰਹੇਗੀ 8 ਘੰਟੇ 11 ਮਿੰਟ (ਇਨਵਰਕਾਰਗਿੱਲ) ਅਤੇ ਔਕਲੈਂਡ 9 ਘੰਟੇ 37 ਮਿੰਟ 54 ਸੈਕਿੰਡ।

ਦਿਨ ਦੀ ਲੰਬਾਈ ਵਿੱਚ ਫ਼ਰਕ ਕਿਉਂ ਹੁੰਦਾ ਹੈ ? (Why Does Day Length Vary?) ਦਿਨ ਦੀ ਲੰਬਾਈ ਵਿੱਚ ਇਹ ਸਾਰਾ ਫ਼ਰਕ ਦੋ ਮੁੱਖ ਖਗੋਲੀ ਕਾਰਨਾਂ ਕਰਕੇ ਹੁੰਦਾ ਹੈ:

ਧਰਤੀ ਦਾ ਝੁਕਿਆ ਹੋਇਆ ਧੁਰਾ (The Earth’s Tilted Axis)ਧਰਤੀ ਸੂਰਜ ਦੁਆਲੇ ਘੁੰਮਦੀ ਹੈ, ਪਰ ਇਸਦਾ ਧੁਰਾ (axis) ਆਪਣੀ ਕਕਸ਼ਾ (orbit) ਦੇ ਮੁਕਾਬਲੇ ਲਗਭਗ 23.5 ਡਿਗਰੀ ਦੇ ਕੋਣ ’ਤੇ ਝੁਕਿਆ ਹੋਇਆ ਹੈ। ਇਹ ਝੁਕਾਅ ਸਾਲ ਭਰ ਧਰਤੀ ਦੇ ਵੱਖ-ਵੱਖ ਹਿੱਸਿਆਂ ਨੂੰ ਸੂਰਜ ਦੀ ਰੌਸ਼ਨੀ ਦੀ ਮਾਤਰਾ ਵਿੱਚ ਤਬਦੀਲੀ ਲਿਆਉਂਦਾ ਹੈ, ਜਿਸ ਕਾਰਨ ਮੌਸਮ ਬਣਦੇ ਹਨ।

ਦਸੰਬਰ ਸੰਕ੍ਰਾਂਤੀ (December Solstice): ਜਦੋਂ ਧਰਤੀ ਆਪਣੀ ਕਕਸ਼ਾ ਵਿੱਚ ਇਸ ਤਰ੍ਹਾਂ ਹੁੰਦੀ ਹੈ ਕਿਦੱਖਣੀ ਗੋਲਾਰਧ ( Southern Hemisphere), ਜਿਸ ਵਿੱਚ ਨਿਊਜ਼ੀਲੈਂਡ ਸਥਿਤ ਹੈ, ਸੂਰਜ ਵੱਲ ਸਭ ਤੋਂ ਵੱਧ ਝੁਕਿਆ ਹੁੰਦਾ ਹੈ। ਇਸ ਝੁਕਾਅ ਕਾਰਨ, ਨਿਊਜ਼ੀਲੈਂਡ ਨੂੰ ਲੰਬੇ ਸਮੇਂ ਲਈ ਸੂਰਜ ਦੀ ਰੌਸ਼ਨੀ ਮਿਲਦੀ ਹੈ, ਜਿਸ ਨਾਲ ਇਹ ਸਾਲ ਦਾ ਸਭ ਤੋਂ ਲੰਬਾ ਦਿਨ ਹੁੰਦਾ ਹੈ (ਗਰਮੀਆਂ ਦਾ ਸੰਕ੍ਰਾਂਤੀ)।

ਜੂਨ ਸੰਕ੍ਰਾਂਤੀ (June Solstice): ਛੇ ਮਹੀਨਿਆਂ ਬਾਅਦ, ਧਰਤੀ ਦੂਜੇ ਪਾਸੇ ਹੁੰਦੀ ਹੈ, ਅਤੇ ਦੱਖਣੀ




ਗੋਲਾਰਧ ਸੂਰਜ ਤੋਂ ਦੂਰ ਝੁਕਿਆ ਹੁੰਦਾ ਹੈ, ਜਿਸ ਨਾਲ ਸਾਨੂੰ ਸਭ ਤੋਂ ਘੱਟ ਰੌਸ਼ਨੀ ਮਿਲਦੀ ਹੈ ਅਤੇ ਇਹ ਸਾਲ ਦਾ ਸਭ ਤੋਂ ਛੋਟਾ ਦਿਨ (ਸਰਦੀਆਂ ਦਾ ਸੰਕ੍ਰਾਂਤੀ) ਹੁੰਦਾ ਹੈ।

ਅਕਸ਼ਾਂਸ਼ (Latitude) ਦਾ ਪ੍ਰਭਾਵ: ਨਿਊਜ਼ੀਲੈਂਡ ਲੰਬਾ ਅਤੇ ਪਤਲਾ ਦੇਸ਼ ਹੈ ਜੋ ਵੱਖ-ਵੱਖ ਅਕਸ਼ਾਂਸ਼ਾਂ (Latitudes) ’ਤੇ ਫੈਲਿਆ ਹੋਇਆ ਹੈ।

ਦੱਖਣੀ ਸਥਾਨ (Southern Locations): ਇਨਵਰਕਾਰਗਿੱਲ ਅਤੇ ਡੂਨੇਡਿਨ ਵਰਗੇ ਸਥਾਨ ਭੂਮੱਧ ਰੇਖਾ (equator) ਤੋਂ ਵਧੇਰੇ ਦੂਰ ਅਤੇ ਦੱਖਣੀ ਧਰੁਵ (South Pole) ਦੇ ਨੇੜੇ ਹਨ। ਜਦੋਂ ਦੱਖਣੀ ਗੋਲਾਰਧ ਸੂਰਜ ਵੱਲ ਝੁਕਿਆ ਹੁੰਦਾ ਹੈ (ਦਸੰਬਰ ਵਿੱਚ), ਇਹ ਖੇਤਰ ਲਗਭਗ ਸਾਰਾ ਦਿਨ ਸੂਰਜ ਦੀ ਰੌਸ਼ਨੀ ਵਿੱਚ ਰਹਿੰਦੇ ਹਨ, ਜਿਸ ਕਾਰਨ ਦਿਨ ਦੀ ਲੰਬਾਈ ਬਹੁਤ ਜ਼ਿਆਦਾ ਹੋ ਜਾਂਦੀ ਹੈ।

ਉੱਤਰੀ ਸਥਾਨ (Northern Locations): ਔਕਲੈਂਡ ਵਰਗੇ ਸਥਾਨ ਭੂਮੱਧ ਰੇਖਾ ਦੇ ਨੇੜੇ ਹਨ। ਭੂਮੱਧ ਰੇਖਾ ਦੇ ਨੇੜੇ ਦੇ ਖੇਤਰਾਂ ਵਿੱਚ ਦਿਨ ਅਤੇ ਰਾਤ ਦੀ ਲੰਬਾਈ ਵਿੱਚ ਸਾਲ ਭਰ ਘੱਟ ਤਬਦੀਲੀ ਆਉਂਦੀ ਹੈ। ਇਸ ਲਈ, ਔਕਲੈਂਡ ਵਿੱਚ ਇਨਵਰਕਾਰਗਿੱਲ ਦੇ ਮੁਕਾਬਲੇ ਦਿਨ ਦੀ ਲੰਬਾਈ ਵਿੱਚ ਘੱਟ ਫ਼ਰਕ ਆਉਂਦਾ ਹੈ।

ਸਿੱਟੇ ਵਜੋਂ, ਧਰਤੀ ਦੇ ਧੁਰੇ ਦੇ ਝੁਕਾਅ ਅਤੇ ਇਸਦੀ ਸੂਰਜ ਦੁਆਲੇ ਦੀ ਕਕਸ਼ਾ ਕਾਰਨ, ਨਿਊਜ਼ੀਲੈਂਡ ਵਿੱਚ ਦਿਨ ਦੀ ਲੰਬਾਈ ਵੱਧਦੀ-ਘੱਟਦੀ ਰਹਿੰਦੀ ਹੈ, ਅਤੇ ਕਿਉਂਕਿ ਦੱਖਣੀ ਸ਼ਹਿਰ ਭੂਮੱਧ ਰੇਖਾ ਤੋਂ ਦੂਰ ਹਨ, ਉਹ ਗਰਮੀਆਂ ਵਿੱਚ ਸਭ ਤੋਂ ਲੰਬੇ ਦਿਨਾਂ ਦਾ ਅਨੁਭਵ ਕਰਦੇ ਹਨ।


bridgeport
CHESTERMERE
SHOWHOMES
NOW OPEN
SHOWHOME
Bridgeport Gate
Bridgeport
Bridgeport St
Bridgeport Ave
201
Chestermere
ਸਾਡੇ ਸ਼ੋਅ ਹੋਮ ਆਕੇ ਦੇਖੋ
Laned & Laned Duplexes
Broadview Homes
533 & 537 Bridgeport St
Truman
549 & 553 Bridgeport St
Trico Homes
541 & 545 Bridgeport St
Shane Homes
557 & 561 Bridgeport St
Front Garage
NuVista Homes
404 Bridgeport Glen
Sterling Homes
408 Bridgeport Glen
LANED DUPLEXES
from the mid
$500s
LANED HOMES
from the high
$500s
FRONT GARAGE
from the mid
$700s
ਚੈਸਟਰਮੇਅਰ ਦੇ ਪੱਛਮੀ ਸਿਰੇ 'ਤੇ ਸਥਿਤ, ਇਹ ਭਾਈਚਾਰਾ ਸ਼ਾਂਤ ਝੀਲਾਂ ਦੇ ਨੇੜੇ ਰਹਿਣ-ਸਹਿਣ ਅਤੇ ਸਮਕਾਲੀ ਸ਼ਹਿਰੀ ਸਹੂਲਤ ਦਾ ਇੱਕ ਵਿਲੱਖਣ ਸੰਤੁਲਨ ਪੇਸ਼ ਕਰਦਾ ਹੈ। ਬ੍ਰਿਜਪੋਰਟ ਕੈਲਗਰੀ ਸ਼ਹਿਰ ਅਤੇ ਚੈਸਟਰਮੇਅਰ ਸ਼ਹਿਰ ਦੇ ਵਿਚਕਾਰ ਇੱਕ ਪ੍ਰਵੇਸ਼ ਦੁਆਰ ਵੱਜੋਂ ਭਾਈਚਾਰੇ ਦੀ ਭੂਮਿਕਾ ਦਾ ਲਾਭ ਉਠਾਂਉਂਦਾ ਹੈ ਜਦੋਂ ਕਿ ਕੁਦਰਤੀ ਆਲੇ ਦੁਆਲੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ
liveinbridgeport.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO®
communities

ਲੋਕ ਕਥਾ

# ਰੋਡਾ ਜਲਾਲੀ



ਪੰਜਾਬੀ ਲੋਕਧਾਰਾ ਸ਼ਾਸਤਰੀ
ਸੁਖਦੇਵ ਮਾਦਪੁਰੀ

'ਰੋਡਾ ਜਲਾਲੀ' ਦਿਲ ਹੂਲਵੀਂ ਪਾਕ ਮੁਹੱਬਤ ਦੀ ਲੋਕ ਗਾਥਾ ਹੈ। 17ਵੀਂ ਸਦੀ ਦੇ ਅੰਤ ਵਿੱਚ ਇਹ ਵਾਰਤਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਲਾਲ ਸਿੰਙੀ ਵਿਖੇ ਵਾਪਰੀ। ਕਿਸ਼ੋਰ ਚੰਦ ਅਤੇ ਬੂਟਾ ਗੁਜਰਾਤੀ ਨੇ ਇਸ ਬਾਰੇ ਦੋ ਕਿੱਸੇ ਜੋੜੇ ਹਨ। ਇਨ੍ਹਾਂ ਕਿੱਸਿਆਂ ਤੋਂ ਇਲਾਵਾ ਰੋਡਾ ਜਲਾਲੀ ਬਾਰੇ ਪੰਜਾਬ ਦੀਆਂ ਸੁਆਣੀਆਂ ਲੋਕ ਗੀਤ ਵੀ ਗਾਉਂਦੀਆਂ ਹਨ।

ਬਲਖ ਬੁਖ਼ਾਰੇ ਦਾ ਜੰਮਪਲ, ਆਪਣੀ ਮਾਂ ਦੀ ਮੌਤ ਦੇ ਵੈਰਾਗ ਵਿੱਚ ਫ਼ਕੀਰ ਬਣਿਆ ਰੋਡਾ ਪਾਕ ਪਟਣੋਂ ਹੁੰਦਾ ਹੋਇਆ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਲਾਲ ਸਿੰਙੀ ਆਣ ਪੁੱਜਾ। ਪਿੰਡ ਤੋਂ ਅੱਧ ਕੁ ਮੀਲ ਦੀ ਦੂਰੀ @ਤੇ ਪੂਰਬ ਵੱਲ ਦੇ ਪਾਸੇ ਸੁਹਾਂ ਨਦੀ ਦੇ ਕੰਢੇ ਸ਼ਾਨਦਾਰ ਬਾਗ਼ ਸੀ। ਉਸ ਬਾਗ਼ ਵਿੱਚ ਇਸ ਫਕੀਰ ਨੇ ਜਾ ਡੇਰੇ ਲਾਏ।

ਫਕੀਰ ਇੱਕੀ-ਬਾਈ ਵਰ੍ਹੇ ਦਾ ਸੁਨੱਖਾ ਜੁਆਨ ਸੀ। ਗੇਰੂਏ ਕੱਪੜੇ ਉਹਦੇ ਸਿਓ ਜਿਹੇ ਦਗ਼-ਦਗ਼ ਕਰਦੇ ਸਰੀਰ @ਤੇ ਬਣ-ਬਣ ਪੈਂਦੇ ਸਨ। ਰੂਪ ਉਹਦਾ ਝੱਲਿਆ ਨਹੀਂ ਸੀ ਜਾਂਦਾ। ਇੱਕ ਅਨੋਖਾ ਜਲਾਲ ਉਹਦੇ ਮਸਤਕ 'ਤੇ ਟਪਕ ਰਿਹਾ ਸੀ, ਅੱਖੀਆਂ ਰੱਜ-ਰੱਜ ਜਾਂਦੀਆਂ ਸਨ।

ਪਿੰਡ ਵਿੱਚ ਫਕੀਰ ਦੀ ਆਮਦ ਦੀ ਚਰਚਾ ਸ਼ੁਰੂ ਹੋ ਗਈ। ਨਾਲ ਹੀ ਨਵੇਂ ਸ਼ਰਧਾਲੂ ਪੈਦਾ ਹੋ ਗਏ। ਬੜੀਆਂ ਪਿਆਰੀਆਂ ਕਰਾਮਾਤੀ ਕਥਾਵਾਂ ਉਸ ਬਾਰੇ ਘੜੀਆਂ ਜਾਣ ਲੱਗੀਆਂ। ਕਿਸੇ ਦੀ ਮੱਝ ਗੁਆਚ ਗਈ, ਰੋਡੇ ਮੰਤਰ ਪੜ੍ਹਿਆ, ਮੱਝ ਆਪਣੇ-ਆਪ ਅਗਲੇ ਦੇ ਕੀਲੇ ਜਾ ਖੜ੍ਹੀ। ਕਿਸੇ ਦੀ ਗਊ ਨੇ ਦੁੱਧ ਨਾ ਦਿੱਤਾ, ਫ਼ਕੀਰ ਨੇ ਪੇੜਾ ਕੀਤਾ, ਗਊ ਧਾਰੀਂ ਪੈ ਗਈ। ਕਿਸੇ ਦਾ ਜੁਆਕ ਢਿੱਲਾ-ਮੱਠਾ ਹੋ ਗਿਆ, ਰੋਡੇ ਝਾੜਾ ਝਾੜਿਆ, ਮੁੰਡਾ ਨੌ-ਬਰ-ਨੌ। ਇਸ ਪ੍ਰਕਾਰ ਰੋਡੇ ਫਕੀਰ ਦੀ ਮਹਿਮਾ ਘਰ-ਘਰ ਹੋਣ ਲੱਗ ਪਈ। ਪਿੰਡ ਦੇ ਲੋਕੀਂ ਅਪਾਰ ਸ਼ਰਧਾ ਨਾਲ ਰੋਡੇ ਨੂੰ ਪੂਜਣ ਲੱਗੇ। ਮਾਈਆਂ ਬਣ-ਸੰਵਰ ਕੇ ਸੰਤਾਂ ਦੇ ਦਰਸ਼ਨਾਂ ਨੂੰ ਜਾਂਦੀਆਂ। ਆਪਣੇ ਮਨ ਦੀਆਂ ਮੁਰਾਦਾਂ ਲਈ ਰੋਡੇ ਪਾਸੋਂ ਅਸੀਸਾਂ ਮੰਗਦੀਆਂ। ਆਪਣੇ ਦੁੱਖ-ਸੁੱਖ ਫੋਲਦੀਆਂ। ਰੋਡਾ ਬੜੇ ਧਿਆਨ ਨਾਲ ਸੁਣਦਾ, ਸ਼ਹਿਦ ਜਿਹੇ ਮਿੱਠੇ ਬੋਲ ਬੋਲਦਾ। ਸਾਰਿਆਂ ਦੇ ਦਿਲ ਮੋਹੇ ਜਾਂਦਾ।

ਇਸੇ ਪਿੰਡ ਦੇ ਲੁਹਾਰਾਂ ਦੀ ਧੀ ਜਲਾਲੀ ਦੇ ਰੂਪ ਦੀ ਬੜੀ ਚਰਚਾ ਸੀ। ਕੋਈ ਗੱਭਰੂ ਅਜੇ ਤੀਕ ਉਹਨੂੰ ਜਚਿਆ ਨਹੀਂ ਸੀ। ਕਿਸੇ ਨੂੰ ਵੀ ਉਹ ਆਪਣੇ ਨੱਕ ਥੱਲੇ ਨਹੀਂ ਸੀ ਲਿਆਉਂਦੀ। ਸਾਰੇ ਜਲਾਲੀ ਨੂੰ ਪਿੰਡ ਦਾ ਸ਼ਿੰਗਾਰ ਸੱਦਦੇ ਸਨ। ਪਹਾੜਾਂ ਦੀ ਪਰੀ ਨਾਲ ਤੁਲਨਾ ਦਿੰਦੇ ਸਨ,

ਜਲਾਲੀਏ ਲੁਹਾਰੀਏ ਨੀ
ਕੀ ਤੂੰ ਪਰੀ ਪਹਾੜ ਦੀ
ਕੀ ਅਸਮਾਨੀ ਹੂਰ।
ਸੁਹਣੀ ਦਿੱਸੇਂ ਫੁੱਲ ਵਾਂਗ
ਤੈਥੋਂ ਮੈਲ਼ ਰਹੀ ਏ ਦੂਰ।
ਤੈਨੂੰ ਵੇਖਣ ਆਉਂਦੇ
ਹੋ ਹੋ ਜਾਂਦੇ ਚੂਰ।
ਤਾਬ ਨਾ ਕੋਈ ਝੱਲਦਾ
ਤੇਰਾ ਏਡਾ ਚਮਕੇ ਨੂਰ।
ਘਰ ਲੁਹਾਰਾਂ ਜੰਮੀਓਂ
ਜਿਵੇਂ ਕੱਲਰ ਉੱਗਾ ਰੁੱਖ।
ਜੀਵਨ ਤੈਨੂੰ ਵੇਖ ਕੇ
ਤੇ ਭੁੱਲਣ ਸਾਰੇ ਦੁੱਖ।
ਫਟਕਣ ਪੰਛੀ ਵੇਖ ਕੇ
ਤੇਰਾ ਸੁਹਣਾ ਮੁੱਖ।
ਜੇ ਵੇਖੇ ਵਿੱਚ ਸੁਹਾਂ ਦੇ
ਤੇਰੀ ਵੀ ਲਹਿਜੇ ਭੁੱਖ।

ਜਲਾਲੀ ਨੇ ਵੀ ਰੋਡੇ ਫਕੀਰ ਦੀ ਮਹਿਮਾ ਸੁਣੀ। ਇੱਕ ਦਿਨ ਉਹ ਆਪਣੀਆਂ ਸਹੇਲੀਆਂ ਨਾਲ ਬਾਗ ਵਿੱਚ ਜਾ ਪੁੱਜੀ। ਰੋਡਾ ਸਮਾਧੀ ਲਾਈ ਸਿਮਰਨ ਕਰ ਰਿਹਾ ਸੀ। ਸਾਰੀਆਂ ਨਮਸਕਾਰ ਕਰ ਕੇ ਬੈਠ ਗਈਆਂ। ਰੋਡੇ ਅੱਖ ਨਾ ਝਮਕੀ। ਬਸ ਮਸਤ ਰਿਹਾ।

ਜਲਾਲੀ ਸਿਮਰਨ ਕਰੇਂਦੇ ਰੋਡੇ ਵੱਲ ਤੱਕਦੀ ਰਹੀ, ਮੁਸਕਾਨਾਂ ਬਖੇਰਦੀ ਰਹੀ। ਕੋਈ ਰਾਂਗਲਾ ਸੁਪਨਾ ਉਹਨੂੰ ਸਾਕਾਰ ਹੁੰਦਾ ਜਾਪਿਆ। ਹੁਸਨ ਦਾ ਬੁੱਤ ਬਣਿਆ ਰੋਡਾ, ਜਲਾਲੀ ਦੇ ਧੁਰ ਅੰਦਰ ਦਿਲ ਵਿੱਚ ਲਹਿ ਗਿਆ। ਜਲਾਲੀ ਆਪਣੇ-ਆਪ ਮੁਸਕਰਾਈ। ਉਹ ਸਾਰੀਆਂ ਜਾਣ ਲਈ ਖੜ੍ਹੋ ਗਈਆਂ। ਰੋਡੇ ਅੱਖ ਖੋਲ੍ਹੀ। ਸਾਹਮਣੇ ਜਲਾਲੀ ਹੱਥ ਜੋੜੀ ਖੜ੍ਹੀ ਸੀ।

ਗੁਲਾਬ ਦੇ ਫੁੱਲ ਵਾਂਗ ਖਿੜਿਆ ਜਲਾਲੀ ਦਾ ਪਿਆਰਾ ਮੁਖੜਾ ਰੋਡੇ ਦੀ ਬਿਰਤੀ ਉਖੇੜ ਗਿਆ। ਰੋਡਾ ਸੁਆਦ-ਸੁਆਦ ਹੋ ਗਿਆ। ਸਾਰੀ ਰਾਤ ਜਲਾਲੀ ਰੋਡੇ ਵਿੱਚ ਖੋਈ ਰਹੀ। ਸਵੇਰ ਹੁੰਦੇ ਸਾਰ ਹੀ ਉਸ ਬਾਗ ਵਿੱਚ ਆ ਰੋਡੇ ਨੂੰ ਸਿਜਦਾ ਕੀਤਾ। ਹੁਸਨ ਇਸ਼ਕ ਦੇ ਗਲ਼ ਬਾਹੀਂ ਪਾ ਲਈਆਂ। ਰੋਡਿਆ! ਤੂੰ ਮੇਰੇ 'ਤੇ ਕੀ ਜਾਦੂ ਧੂੜ ਦਿੱਤੈ... ਮੈਂ ਸਾਰੀ ਰਾਤ ਪਲ ਲਈ ਵੀ ਸੌਂ ਨਹੀਂ ਸਕੀ। ਤੇਰੇ ਖਿਆਲਾਂ ਵਿੱਚ ਮਗਨ ਰਹੀ ਆਂ। ਹੁਸਨ ਮਚਲਿਆ।

ਹੁਸਨ ਪਰੀਏ! ਧੰਨੇ ਨੇ ਪੱਥਰ ਵਿਚੋਂ ਰੱਬ ਪਾ ਲਿਆ ਏ। ਅੱਜ ਮੇਰੀ ਭਗਤੀ ਪੂਰੀ ਹੋ ਗਈ ਏ। ਤੇਰੇ 'ਚ ਮੈਨੂੰ ਦਾਤਾਰ ਨਜ਼ਰੀਂ ਪਿਆ ਆਉਂਦਾ ਏ। ਜਦੋਂ ਦੀ ਤੂੰ ਮੇਰੇ ਪਾਸੋਂ ਗਈ ਏਂ, ਮੈਨੂੰ ਵੀ ਚੈਨ ਨਹੀਂ ਆਇਆ। ਹੁਣ ਤੂੰ ਆ ਗਈ ਏਂ, ਜਾਣੀਂ ਸੱਤੇ ਬਹਿਸ਼ਤਾਂ ਮੇਰੀ ਝੋਲੀ ਵਿੱਚ ਨੇ।

ਰੋਡਾ ਹੁਸੀਨ ਤੋਂ ਹੁਸੀਨ ਹੋ ਰਿਹਾ ਸੀ।

ਰੋਡਿਆ ਅੱਜ ਅਸੀਂ ਦਿਲਾਂ ਦੇ ਸੌਦੇ ਕਰ ਲਏ ਨੇ। ਤੂੰ ਪੂਰਾ ਉਤਰੀਂ। ਕਿਧਰੇ ਮੇਰਾ ਕੱਚ ਜਿਹਾ ਦਿਲ ਤੋੜ ਕੇ ਅਗਾਂਹ ਨਾ ਟੁਰ ਜਾਵੀਂ।

ਜਲਾਲੀਏ... ਇਹ ਕੀ ਆਂਹਦੀ ਏਂ ਤੂੰ। ਮੈਂ ਏਥੋਂ ਟੁਰ ਜਾਵਾਂਗਾ! ਇਕੋ ਇੱਕ ਦਿਲ ਸੀ ਮੇਰਾ, ਉਹ ਤੂੰ ਖੱਸ ਲਿਆ ਏ। ਹੋਰ ਕੀ ਏ ਇਸ ਦੁਨੀਆਂ ਵਿੱਚ ਮੇਰੇ ਲਈ? ਬਸ ਤੂੰ ਹੀ ਏਂ, ਭਲਾ ਮੈਂ ਤੈਨੂੰ ਕਿਵੇਂ ਛੱਡ ਸਕਦਾ ਹਾਂ। ਤੂੰ ਤੇ ਮੇਰੀ ਜ਼ਿੰਦਗੀ ਏਂ, ਮੇਰਾ ਇਸ਼ਟ ਏਂ। ਡਰ ਹੈ ਜਲਾਲੀਏ... ਕਿਧਰੇ ਤੂੰ ਲੋਕਾਂ ਦੀ ਬਦਨਾਮੀ ਤੋਂ ਡਰਦੀ ਆਪਣਾ ਪਿਆਰਾ ਮੁੱਖ ਮੈਥੋਂ ਨਾ ਮੋੜ ਲਵੀਂ।

ਮੈਨੂੰ ਆਪਣੀ ਜਵਾਨੀ ਦੀ ਸਹੁੰ ਰੋਡਿਆ। ਮੈਂ ਲੱਗੀਆਂ ਤੋੜ ਨਿਭਾਵਾਂਗੀ। ਮਰ ਜਾਵਾਂਗੀ ਪਰ ਪਿਛਾਂਹ ਨਹੀਂ ਪਰਤਾਂਗੀ। ਤੂੰ ਮੇਰਾ ਹਰ ਰੋਜ਼ ਤੜਕਸਾਰ ਸੁਹਾਂ ਦੇ ਕੰਢੇ ਇੰਤਜ਼ਾਰ ਕਰਿਆ ਕਰੀਂ। ਅਹੁ ਕੋਈ ਆਉਂਦਾ ਪਿਆ ਏ, ਆਹ ਸਾਂਭ ਲੈ ਮੇਰੀ ਨਿਸ਼ਾਨੀ...। ... ਜਲਾਲੀ ਦਾ ਛੱਲਾ ਰੋਡੇ ਦੀ ਉਂਗਲ 'ਤੇ ਸੀ।

ਜਲਾਲੀ ਹਰ ਰੋਜ਼ ਸੁਹਾਂ ਦੇ ਕੰਢੇ ਜਾ ਪੁੱਜਦੀ, ਤੇ ਪਿਆਰੇ ਰੋਡੇ ਦਾ ਜਾ ਦੀਦਾਰ ਕਰਦੀ,

ਉਤੇ ਨਦੀ ਦੇ ਜਾਇਕੇ ਰੋਜ਼ ਮਿਲਦੀ
ਬਿਨਾਂ ਮਿਲੇ ਦੇ ਨਹੀਂ ਅਧਾਰ ਹੈ ਜੀ।
ਹੋਏ ਘੜੀ ਵਿਛੋੜੇ ਦੇ ਵਾਂਗ ਸੂਲੀ
ਜਾਨ ਹੋਂਵਦੀ ਜੋ ਆਵਾਜ਼ਾਰ ਹੈ ਜੀ।
ਬਿਨਾਂ ਲੱਗੀਆਂ ਕੋਈ ਨਾ ਜਾਣਦਾ ਹੈ
ਜੀਹਨੂੰ ਲੱਗੀਆਂ ਉਸ ਨੂੰ ਸਾਰ ਹੈ ਜੀ।
ਹੋਈ ਭੁੱਜ ਮਨੂਰ ਲੁਹਾਰ ਬੱਚੀ
ਬਣੇ ਘੜੀ ਦਾ ਜੁੱਗ ਚਾਰ ਹੈ ਜੀ।
ਹੁੰਦੇ ਨਾਗ਼ ਮਲੂਮ ਨੇ ਪੂਣੀਆਂ ਦੇ
ਜਦੋਂ ਕੱਤਣ ਜਾਏ ਭੰਡਾਰ ਹੈ ਜੀ।
ਪਾਇਆ ਭੱਠ ਕਸੀਦੇ ਦੇ ਕੱਢਣੇ ਨੂੰ
ਪੈਂਦੀ ਭੁੱਲ ਕੇ ਨਾ ਇੱਕ ਤਾਰ ਹੈ ਜੀ।
ਮਿਲੇ ਜਦੋਂ ਜਲਾਲੀ ਜਾ ਯਾਰ ਤਾਈਂ
ਓਦੋਂ ਵਸਦਾ ਦਿਸੇ ਸੰਸਾਰ ਹੈ ਜੀ।
ਕਿਸੇ ਕੰਮ ਦੇ ਵਿੱਚ ਨਾ ਚਿੱਤ ਲੱਗੇ
ਕਰੇ ਆਸ਼ਕੀ ਅਤੀ ਲਾਚਾਰ ਹੈ ਜੀ।
(ਕਿਸ਼ੋਰ ਚੰਦ)

ਇਸ਼ਕ ਮੁਸ਼ਕ ਕਦੋਂ ਛੁਪਾਇਆਂ ਛੁਪਦੇ ਨੇ। ਜਲਾਲੀ ਅਤੇ ਰੋਡੇ ਦੇ ਇਸ਼ਕ ਦੀ ਚਰਚਾ ਪਿੰਡ ਵਿੱਚ ਛਿੜ ਪਈ। ਜਲਾਲੀ ਦੇ ਮਾਪਿਆਂ ਦੇ ਕੰਨੀਂ ਵੀ ਉਡਦੀ-ਉਡਦੀ ਭਿਣਕ ਪੈ ਗਈ। ਉਨ੍ਹਾਂ ਨੇ ਉਨ੍ਹਾਂ ਦੇ ਇਸ਼ਕ ਨੂੰ ਪ੍ਰਵਾਨ ਨਾ ਕੀਤਾ। ਉਹ ਤਾਂ ਨਮੋਸ਼ੀ ਦੇ ਮਾਰੇ ਆਪਣੇ ਮੂੰਹ ਲਕੋਈ ਫਿਰਦੇ ਸਨ। ਉਨ੍ਹਾਂ ਨੇ ਜਲਾਲੀ ਨੂੰ ਲੱਖ ਸਮਝਾਇਆ ਪਰ ਉਹ ਪਿਛਾਂਹ ਮੁੜਨ ਵਾਲੀ ਕਿੱਥੇ ਸੀ। ਉਹਦੇ ਲਈ ਤਾਂ ਰੋਡਾ ਹੀ ਸਭ ਕੁਝ ਸੀ। ਆਖ਼ਰ ਉਨ੍ਹਾਂ ਜਲਾਲੀ ਨੂੰ ਡਰਾਇਆ, ਧਮਕਾਇਆ ਅਤੇ ਆਪਣੀ ਨਿਗਰਾਨੀ ਵਿੱਚ ਰੱਖਣਾ ਸ਼ੁਰੂ ਕਰ ਦਿੱਤਾ।

ਜਲਾਲੀ ਦਾ ਘਰੋਂ ਬਾਹਰ ਨਿਕਲਣਾ ਬੰਦ ਹੋ ਗਿਆ... ਓਧਰ ਰੋਡਾ ਵੀ ਜਲਾਲੀ ਦਾ ਪਿਆਰਾ ਮੁਖੜਾ ਤੱਕਣ ਲਈ ਬੇਕਰਾਰ ਹੋ ਰਿਹਾ ਸੀ। ਆਖ਼ਰ ਉਹਨੇ ਜਲਾਲੀ ਦੇ ਦਰ ਅੱਗੇ ਜਾ ਕੇ ਅਲਖ ਜਗਾਉਣੀ ਸ਼ੁਰੂ ਕਰ ਦਿੱਤੀ। ਉਹ ਉਹਦੇ ਹੱਥੋਂ ਖੈਰਾਤ ਲਏ ਬਿਨਾਂ ਅਗਾਂਹ ਇੱਕ ਕਦਮ ਵੀ ਨਾ ਪੁੱਟਦਾ। ਗੱਲ ਏਥੋਂ ਤੱਕ ਅੱਪੜ ਗਈ ਕਿ ਇੱਕ ਦਿਨ ਉਹਨੇ ਜਲਾਲੀ ਦੀ ਮਾਂ ਦੇ ਹੱਥੋਂ ਖੈਰਾਤ ਲੈਣ ਤੋਂ ਇਨਕਾਰ ਕਰ ਦਿੱਤਾ ਪਰ ਉਹਦੀ ਮਾਂ ਅੜੀ ਰਹੀ... ਸਾਧਾਂ ਦਾ ਹਠ ਵੀ ਮਸ਼ਹੂਰ ਐ... ਰੋਡਾ ਉਨ੍ਹਾਂ ਦੇ ਦਰਾਂ ਅੱਗੇ ਹੀ ਧੂਣਾ ਤਪਾ ਕੇ ਬੈਠ ਗਿਆ, ਤੇ ਸਮਾਧੀ ਲਾ ਲਈ। ਲੋਕਾਂ ਲਈ ਤਾਂ ਇਹ ਜਗਤ ਤਮਾਸ਼ਾ ਸੀ ਪਰ ਜਲਾਲੀ ਦੀ ਮਾਂ ਤਾਂ ਨਮੋਸ਼ੀ ਦੀ ਮਾਰੀ ਧਰਤੀ ਵਿੱਚ ਨਿਘਰਦੀ ਜਾ ਰਹੀ ਸੀ। ਉਹਨੇ ਉਸ ਨੂੰ ਧੂਣਾ ਚੁੱਕਣ ਲਈ ਬਹੁਤੇਰੇ ਵਾਸਤੇ ਪਾਏ। ਜਲਾਲੀ ਨੇ ਵੀ ਉਹਨੂੰ ਬੜਾ ਆਖਿਆ ਪਰ ਰੋਡਾ ਤਾਂ ਉਹਦੇ ਦੀਦਾਰ ਲਈ ਤੜਫ ਰਿਹਾ ਸੀ,

ਕਿੱਥੋਂ ਵੇ ਤੇ ਤੂੰ ਆਇਆ
ਜਾਣਾ ਕਿਹੜੇ ਦੇਸ ਵੇ ਫ਼ਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਪੱਛਮ ਤੋਂ ਨੀ ਮੈਂ ਆਇਆ
ਜਾਣਾ ਦੱਖਣ ਦੇਸ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਭੁੱਖਾ ਰੋਟੀ ਦਾ ਵੇ
ਲੱਡੂਆ ਦਿੰਨੀ ਆਂ ਮੰਗਾ
ਵੇ ਫ਼ਕੀਰਾ...।
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਭੁੱਖਾ ਰੋਟੀ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਪਿਆਸਾ ਪਾਣੀ ਦਾ ਵੇ
ਦੁਧੂਆ ਦਿੰਨੀ ਆਂ ਮੰਗਾ ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਪਿਆਸਾ ਪਾਣੀ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਨੰਗਾ ਬਸਤਰ ਦਾ ਵੇ
ਬਸਤਰ ਦਿੰਨੀ ਆਂ ਸਮਾ
ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਨੰਗਾ ਬਸਤਰ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਭੁੱਖਾ ਰੰਨਾਂ ਦੇ ਵੇ
ਵਿਆਹ ਦਿੰਨੀ ਆਂ ਕਰਵਾ
ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਭੁੱਖਾ ਰੰਨਾਂ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਦਰ ਵਿਚੋਂ ਧੂਣਾ ਚੁੱਕ ਲੈ ਵੇ
ਬਾਹਰੋਂ ਆਜੂ ਮੇਰਾ ਬਾਪ
ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਦਰ ਵਿਚੋਂ ਧੂਣਾ ਨਾ ਚੁੱਕਣਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।




ਰੋਡੇ ਨੇ ਜਲਾਲੀ ਦੇ ਦਰਾਂ ਅੱਗਿਉਂ ਧੂਣਾ ਨਾ ਚੁੱਕਿਆ। ਗੁੱਸੇ ਵਿੱਚ ਆਏ ਜਲਾਲੀ ਦੇ ਭਰਾਵਾਂ ਨੇ ਉਹਨੂੰ ਮਾਰ ਮਾਰ ਕੇ ਅਧਮੋਇਆ ਕਰ ਸੁੱਟਿਆ ਅਤੇ ਰਾਤ ਸਮੇਂ ਸੁਹਾਂ ਨਦੀ ਵਿੱਚ ਹੜ੍ਹਾ ਆਏ। ਕੁਦਰਤ ਦਾ ਕੋਈ ਪਾਰਾਵਾਰ ਨਹੀਂ, ਰੋਡਾ ਨਦੀ ਵਿਚੋਂ ਬਚ ਨਿਕਲਿਆ ਤੇ ਅਗਲੀ ਭਲਕ ਆ ਕੇ ਉਹਨੇ ਜਲਾਲੀ ਦੇ ਦਰਾਂ ਅੱਗੇ ਮੁੜ ਧੂਣਾ ਤਪਾ ਦਿੱਤਾ।

ਜਲਾਲੀ ਅੰਦਰ ਨਰੜੀ ਪਈ ਤੜਪਦੀ ਰਹੀ। ਕਹਿੰਦੇ ਨੇ ਜਲਾਲੀ ਦੇ ਭਰਾਵਾਂ ਨੂੰ ਰੋਡੇ ਦੇ ਦੁਬਾਰਾ ਮੁੜ ਆਣ @ਤੇ ਐਨਾ ਗੁੱਸਾ ਚੜ੍ਹਿਆ ਕਿ ਉਨ੍ਹਾਂ ਨੇ ਉਹਦੇ ਟੁਕੜੇ-ਟੁਕੜੇ ਕਰ ਕੇ ਖੂਹ ਵਿੱਚ ਸੁੱਟ ਦਿੱਤਾ ਅਤੇ ਮਗਰੋਂ ਜਲਾਲੀ ਨੂੰ ਵੀ ਮਾਰ ਮੁਕਾਇਆ।

ਇਸ ਪ੍ਰੀਤ ਕਥਾ ਦਾ ਅੰਤ ਇਸ ਪ੍ਰਕਾਰ ਵੀ ਦੱਸਿਆ ਜਾਂਦਾ ਹੈ ਕਿ ਜਲਾਲੀ ਦੀ ਮਾਂ ਨੇ ਰੋਡੇ ਨੂੰ ਗਲੋਂ ਲਾਹੁਣ ਲਈ ਧੂਣਾ ਤਾਪਦੇ ਰੋਡੇ ਕੋਲ ਜਾ ਕੇ ਆਖਿਆ, ਰੋਡਿਆ ਤੇਰੀ ਜਲਾਲੀ ਕਈ ਦਿਨਾਂ ਦੀ ਅੰਦਰ ਬਿਮਾਰ ਪਈ ਹੈ, ਹਕੀਮ ਆਂਹਦੇ ਨੇ ਉਹ ਤਦ ਹੀ ਬਚ ਸਕਦੀ ਐ ਜੇ ਉਹਨੂੰ ਕਿਧਰੋਂ ਸ਼ੇਰਨੀ ਦਾ ਦੁੱਧ ਮਿਲ ਜਾਵੇ। ਜੇ ਤੂੰ ਸ਼ੇਰਨੀ ਦਾ ਦੁੱਧ ਲਿਆ ਦੇਵੇਂ ਤਾਂ ਅਸੀਂ ਜਲਾਲੀ ਦਾ ਤੇਰੇ ਨਾਲ ਵਿਆਹ ਕਰ ਦੇਵਾਂਗੇ।

ਇਹ ਸੁਣਦੇ ਸਾਰ ਹੀ ਰੋਡਾ ਸ਼ੇਰਨੀ ਦੇ ਦੁੱਧ ਦੀ ਭਾਲ ਵਿੱਚ ਜੰਗਲਾਂ ਵਲ ਨੱਸ ਟੁਰਿਆ।

ਜਦੋਂ ਜਲਾਲੀ ਨੇ ਆਪਣੀ ਮਾਂ ਦੀ ਰੋਡੇ ਨੂੰ ਸ਼ੇਰਾਂ ਕੋਲੋਂ ਮਰਵਾਉਣ ਦੀ ਇਹ ਵਿਉਂਤ ਸੁਣੀ ਤਾਂ ਉਹ ਵੀ ਰੋਡਾ ਰੋਡਾ ਕੂਕਦੀ ਰੋਡੇ ਦੇ ਮਗਰ ਜੰਗਲ ਵਿੱਚ ਜਾ ਪੁੱਜੀ। ਜੰਗਲ ਵਿੱਚ ਦੋਵੇਂ ਮਿਲ ਪਏ, ਜਾਂ ਦੋਵਾਂ ਨੂੰ ਜੰਗਲੀ ਜਾਨਵਰਾਂ ਨੇ ਮਾਰ ਮੁਕਾਇਆ, ਇਸ ਬਾਰੇ ਕੋਈ ਕੁਝ ਨਹੀਂ ਜਾਣਦਾ ਪਰ ਇਸ ਪ੍ਰੀਤ ਗਾਥਾ ਨੂੰ ਪੰਜਾਬੀ ਲੋਕ ਮਨ ਨੇ ਅਜੇ ਤੀਕਰ ਨਹੀਂ ਵਿਸਾਰਿਆ। ਜਲਾਲੀ ਦਾ ਗੀਤ ਉਨ੍ਹਾਂ ਦੇ ਚੇਤਿਆਂ ਵਿੱਚ ਅੱਜ ਵੀ ਸੱਜਰਾ ਹੈ।

## ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ

ਸੰਤੁਸ਼ਟੀ ਦੀ ਅੰਜਲੀ ਦੇ ਵਿੱਚ ਚਾਅ ਨਵੇਂ ਸਾਲ ’ਤੇ ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ ।
ਡਰ ਤੋਂ ਨਿਝੱਕ ਹੋ ਕੇ ਬੈਠੇ ਫੁੱਲਾਂ ਉਤੇ ਤਿਤਲੀ ।
ਸੱਥਾਂ ਦੇ ਵਿੱਚ ਭੰਗੜੇ ਤੇ ਗਿੱਧਿਆਂ ਦੇ ਵਿੱਚ ਕਿਕਲੀ ।
ਸੰਗੀਤਕ ਲੋਰੀ ਦਾ ਗੀਤ ਸੁਣਾ ਨਵੇਂ ਸਾਲ ’ਤੇ ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ ।
ਸ਼ੁਧਤਾ, ਬੁਧਤਾ, ਸਮਤਾ, ਭੌਤਿਕ, ਦੈਹਿਕ ਸੁੱਖਾਂ ਵਿਚੋਂ।
ਹੋਵੇ ਮਾਨਵਤਾ ਦੇ ਵਿੱਚ ਤਿਲਿਸਮ ਚੁੰਬਕੀਏ ਖਿੱਚ ।
ਕਰਮਨ, ਧਰਮਨ, ਅਰਪਨ ਨਾਲ ਦੁਆ ਨਵੇਂ ਸਾਲ ’ਤੇ ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ ।
ਗੰਨੇ ਵਾਲੇ ਖੇਤਾਂ ’ਚੋਂ ਉਡਦੀ ਹੈ ਜਿਉਂ ਮੁਰਗਾਬੀ ।
ਏਦਾਂ ਸਾਰੇ ਹਾਸੇ ਹੋਵਣ, ਜਿੱਦਾਂ ਫੁੱਲ ਗੁਲਾਬੀ ।
ਰੁੱਤਾਂ ਵਿੱਚ ਖ਼ੁਸ਼ਬੂ ਦੇ ਭਾਗ ਜਗਾ ਨਵੇਂ ਸਾਲ ’ਤੇ ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ ।
ਸੁੱਤੀਆਂ ਜਾਗੀਰਾਂ ਨੂੰ ਤੇ ਸੁੱਤੀਆਂ ਜਾਮੀਰਾਂ ਨੂੰ
ਪੈਰਾਂ ਵਿੱਚ ਪਈਆਂ ਹੋਈਆਂ ਖ਼ੂਨੀ ਜ਼ੰਜੀਰਾਂ ਨੂੰ ।
ਤਦਬੀਰਾਂ, ਤਕਰੀਰਾਂ ਨਾਲ ਮੁਕਾ ਨਵੇਂ ਸਾਲ ’ਤੇ
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ ।
ਦ੍ਰਿਸ਼-ਆਦ੍ਰਿਸ਼ ਤਨਾਅ ਦਿਲਾਂ ਵਿਚੋਂ ਸਾਰੇ ਮੁਕ ਜਾਣ ।
ਆਤੰਕ, ਪ੍ਰਚੰਡ, ਪਤਿਤਪੁਣੇ ਤੇ ਪਾਖੰਡ ਸਭ ਰੁਕ ਜਾਣ ।
ਆਤਮ ਤੁਸ਼ਟੀ ਦੇ ਸੰਵਾਦ ਰਚਾ ਨਵੇਂ ਸਾਲ ’ਤੇ ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ ।
ਇਕ ਚੀਜ਼ ਵਹੁਟੀ ਵਾਲੇ ਸੂਈ ਮੂਈ ਪੱਤ ਵਾਲੇ ।
ਕਿਰਮਚੀ, ਨਾਰੰਗੀ, ਸੂਹੇ, ਲਾਲ, ਗੁਲਾਬੀ ਕਾਲੇ ।
ਹਰ ਚੌਖਟ ’ਤੇ ਬੰਦਨਵਾਰ ਸਜਾ ਨਵੇਂ ਸਾਲ ’ਤੇ ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ ।
ਨਵਯੁਵਕਾਂ ਦੇ ਵਿੱਚ ਭਰੀ ਜਾਵੇ ਰਚਨਾਤਮਿਕ ਸ਼ਕਤੀ ।
ਮੰਗਲਕਾਰੀ ਹੋਵੇ ਘਰ-ਘਰ ਕਰਮਠਤਾ ਦੀ ਭਗਤੀ ।
ਛੈਲ-ਛਬੀਲੇ ਗੁਲਜ਼ਾਰ ਖਿੜ੍ਹਾ ਨਵੇਂ ਸਾਲ ’ਤੇ ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ ।
ਹੱਕਾਂ ਨੂੰ ਲੈਣ ਲਈ ਜ਼ੁਰਰਤ ਤੇ ਸੱਚ ਵਾਲਾ ਨਾਮ ਦੇ ।
ਛੇੜੇ ਹੋਵੇ ਆਗਾਜ਼ ਨੂੰ ਮੰਜ਼ਿਲ ਦਾ ਅੰਜ਼ਾਮ ਦੇ ।
‘ਬਾਲਮ’ ਦੇ ਗੀਤਾਂ ਦੀ ਆਵਾਜ਼ ਉਠਾ ਨਵੇਂ ਸਾਲ ’ਤੇ ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ ।

**ਬਲਵਿੰਦਰ ਬਾਲਮ ਓਕਾਰ ਨਗਰ, ਗੁਰਦਾਸਪੁਰ**
(ਪੰਜਾਬ) 9815625409

# ਟੈਕਸ ਦਾ ਇਤਿਹਾਸ

ਟੈਕਸ ਦਾ ਪ੍ਰਭਾਵ ਸਾਡੀ ਜ਼ਿੰਦਗੀ ਤੇ ਬਹੁਤ ਡੂੰਘਾ ਹੈ । ਇਸ ਲਈ ਇਸ ਦੇ ਇਤਿਹਾਸ ਅਤੇ ਇਸ ਦੇ ਪਿਛੋਕੜ ਨੂੰ ਸਮਝਣ ਦੀ ਲੋੜ ਹੈ । ਅਮਰੀਕਾ ਤੇ ਇੰਗਲੈਂਡ ਵਿਚ ਪਹਿਲਾਂ ਕੋਈ ਟੈਕਸ ਨਹੀਂ ਲੱਗਦੇ ਸਨ । ਕਦੇ-ਕਦੇ ਜੰਗਾਂ ਦੇ ਖਰਚਿਆਂ ਦੀ ਪੂਰਤੀ ਲਈ ਆਰਜੀ ਸਮੇਂ ਲਈ ਟੈਕਸ ਲਾ ਦਿੱਤੇ ਜਾਂਦੇ ਹਨ । ਦੇਸ਼ ਦਾ ਮੁਖੀਆ ਜਾਂ ਰਾਜਾ ਸ਼ਿਰਫ ਇਹ ਕਹਿ ਦਿੰਦਾ ਸੀ ਤੇ ਹਰ ਆਦਮੀ ਉਸ ਦੀ ਕਹੀ ਗੱਲ ਨੂੰ ਮਨ ਕੇ ਸਹਿਯੋਗ ਦੇ ਦਿੰਦਾ ਸੀ । ਇੰਗਲੈਂਡ ਵਿਚ ਸਾਲ 1799 ਤੋਂ 1816 ਦੇ ਵਿੱਚਕਾਰ ਨਪੋਲੀਅਨ ਨਾਲ ਜੰਗ ਵੇਲੇ ਟੈਕਸ ਲਾਇਆ ਗਿਆ । ਇਸੇ ਤਰ੍ਹਾਂ ਅਮਰੀਕਾ ਵਿੱਚ ਸਾਲ 1861 ਤੋਂ 1865 ਦੇ ਵਿੱਚਕਾਰ ਹੋਈ ਸਿਵਲ ਜੰਗ ਦੇ ਖ਼ਰਚਿਆਂ ਦੀ ਪੂਰਤੀ ਲਈ ਲਗਾਇਆ ਗਿਆ ਸੀ। ਇੰਗਲੈਂਡ ਨੇ 1874 ਵਿੱਚ ਆਮਦਨ ਟੈਕਸ ਦੇ ਰੂਪ ਵਿੱਚ ਆਪਣੇ ਨਾਗਰਿਕਾਂ ਤੇ ਸਥਾਈ ਤੌਰ ਤੇ ਲਾਗੂ ਕਰ ਦਿੱਤਾ । ਅਮਰੀਕਾ ਨੇ 1913 ਸੰਵਿਧਾਨ ਵਿੱਚ ਸੰਸ਼ੋਧਨ ਕਰਕੇ ਆਮਦਨ ਟੈਕਸ ਦੇ ਰੂਪ ਵਿੱਚ ਸਥਾਈ ਰੂਪ ਵਿੱਚ ਲਾਗੂ ਕਰ ਦਿੱਤਾ। ਉਸ ਸਮੇ ਅਮਰੀਕੀ ਲੋਕ ਟੈਕਸ ਵਿਰੋਧੀ ਹੋਇਆ ਕਰਦੇ ਸਨ ।



ਬਲਬੀਰ ਸਿੰਘ ਭੱਠਲ ਰੀਜਾਇਨਾ
1 306 501 7892

ਇਕ ਵਾਰ ਚਾਹ ਪਾਰਟੀ ਉੱਪਰ ਬਹੁਤ ਜ਼ਿਆਦਾ ਟੈਕਸ ਲੱਗਣ ਕਾਰਨ ਬੋਸਟਨ ਹਾਰਬਰ ਉੱਤੇ ਪ੍ਰਸਿੱਧ ਚਾਹ ਪਾਰਟੀ ਦੀ ਘਟਨਾ ਹੋਈ । ਜਿਸ ਨਾਲ ਕ੍ਰਾਂਤੀਕਾਰੀ ਜੰਗ ਨੂੰ ਤਾਕਤ ਮਿਲੀ । ਟੈਕਸ ਦਾ ਵਿਚਾਰ ਇਸ ਕਰਕੇ ਲੋਕਪ੍ਰਿਆ ਬਣ ਗਿਆ ਕਿਉਕਿ ਉਹਨਾਂ ਨੂੰ ਇਹ ਦੱਸਿਆ ਗਿਆ ਕਿ ਟੈਕਸ ਅਮੀਰਾਂ ਤੋਂ ਵਸੂਲ ਕੇ ਮਿਡਲ ਤੇ ਗਰੀਬ ਕਲਾਸ ਲੋਕਾਂ ਦੀ ਸਹਾਇਤਾਂ ਦਾ ਸਾਧਨ ਹੈ । ਅਮਰੀਕਾ ਤੇ ਇੰਗਲੈਂਡ ਨੂੰ ਟੈਕਸ ਦੇ ਵਿਚਾਰ ਨੂੰ ਨਿਯਮਤ ਕਰਨ ਦੇ ਅਤੇ ਇਸ ਵਿਚਾਰ ਨੂੰ ਲੋਕਾਂ ਦੇ ਗਲੇ ਵਿਚੋਂ ਉਤਾਰਨ ਕਈ ਤਕਰੀਬਨ 50 ਸਾਲ ਦਾ ਸਮਾ ਲੱਗ ਗਿਆ। ਅਮੀਰਾਂ ਤੋਂ ਵਸੂਲ ਕਰਕੇ ਗਰੀਬ ਤੇ ਮਿਡਲ ਕਲਾਸ ਲੋਕਾਂ ਦੀ ਸਹਾਇਤਾਂ ਦੇ ਨਾਅਰੇ ਕਰਕੇ ਜਨਤਾ ਨੇ ਟੈਕਸ ਕਨੂੰਨ ਦੇ ਸਮਰਥਨ ਵਿੱਚ ਵੋਟ ਦਿੱਤੇ ਅਤੇ ਟੈਕਸ ਨੇ ਕਾਨੂੰਨੀ ਰੂਪ ਧਾਰਨ ਕਰ ਲਿਆ । ਹੌਲੀ - ਹੌਲੀ ਬਾਕੀ ਦੇਸ਼ਾਂ ਵਿੱਚ ਫੈਲ ਗਿਆ । ਟੈਕਸ ਦੇ ਇਤਿਹਾਸ ਦਾ ਇੱਕ ਦਿਲਚਸਪ ਪਹਿਲੂ ਇਹ ਵੀ ਕਿ ਟੈਕਸ ਦਾ ਲਾਗੂ ਹੋਣਾ ਇਸ ਲਈ ਸੰਭਵ ਹੋ ਸਕਿਆ ਕਿਉਕਿ ਲੋਕਾਂ ਨੂੰ ਰੌਬਿਨਹੁੱਡ ਦੇ ਅਰਥ ਸਾਸ਼ਤਰੀ ਸਿਧਾਂਤਾਂ ਉੱਤੇ ਭਰੋਸਾ ਸੀ ਜਿਸ ਰਾਹੀ ਅਮੀਰ ਲੋਕਾਂ ਕੋਲੋ ਲੁੱਟ ਕੇ ਬਾਕੀ ਸਾਰਿਆਂ ਵਿੱਚ ਵੰਡ ਦਿੱਤਾ ਜਾਂਦਾ ਸੀ ।ਦੂਸਰੇ ਪਾਸੇ ਅਮੀਰ ਲੋਕਾਂ ਨੇ ਇਸ ਮੌਕੇ ਦਾ ਫਾਇਦਾ ਉਠਾਇਆ, ਅਮੀਰ ਲੋਕ ਪਹਿਲਾਂ ਤੋਂ ਹੀ ਕਾਰਪੋਰੇਸ਼ਨਾਂ ਬਾਰੇ ਜਾਣਦੇ ਸਨ । ਕਾਰਪੋਰੇਸ਼ਨਾਂ ਦੇ ਕਾਨੂੰਨੀ ਢਾਂਚੇ ਦਾ ਗਿਆਨ ਬਾਕੀ ਲੋਕਾਂ ਦੇ ਮੁਕਾਬਲੇ ਅਮੀਰ ਲੋਕਾਂ ਕੋਲ ਬਹੁਤ ਜ਼ਿਆਦਾ ਸੀ । ਅਮੀਰ ਲੋਕ ਕਾਰਪੋਰੇਸ਼ਨਾਂ ਖੋਲ ਕੇ ਉਸਦੇ ਮਾਲਕ ਬਣ ਜਾਂਦੇ ਸਨ । ਕਾਰਪੋਰੇਸ਼ਨਾਂ ਅਮੀਰ ਲੋਕਾਂ ਨੂੰ ਟੈਕਸ ਵਿਚ ਸੁਰੱਖਿਆ ਦਿੰਦੀਆਂ । ਕਾਰਪੋਰੇਸ਼ਨ ਇਕ ਫਾਈਲ ਦਾ ਫੋਲਡਰ ਹੀ ਹੈ । ਜਿਸ ਵਿਚ ਕਾਨੂੰਨੀ ਦਸਤਾਵੇਜ਼ ਹਨ ਜੋ ਕਿ ਸਰਕਾਰ ਦੀ ਏਜੰਸੀ/ਵਿਭਾਗ ਵਿੱਚ ਦਰਜ ਹੋ ਕੇ ਕਾਨੂੰਨੀ ਰੂਪ ਵਿੱਚ ਕਾਰਪੋਰੇਸ਼ਨ ਬਣ ਜਾਂਦੀ ਹੈ । ਅਮੀਰ ਲੋਕਾਂ ਦੀ ਸੰਪਤੀ ਇਸ ਵਿੱਚ ਸੁਰੱਖਿਅਤ ਹੋ ਜਾਂਦੀ ਹੈ । ਅਕਸਰ ਕਾਰਪੋਰੇਸ਼ਨ ਦੇ ਟੈਕਸ ਦੀ ਦਰ ਨਿੱਜੀ ਦਰ ਟੈਕਸ ਤੋਂ ਘੱਟ ਹੀ ਹੁੰਦੀ ਹੈ । ਕਾਰਪੋਰੇਸ਼ਨਾਂ ਦੁਆਰਾ ਕੁਝ ਖਰਚੇ ਟੈਕਸ ਅਦਾ ਕਰਨ ਤੋਂ ਪਹਿਲਾਂ ਕੀਤੇ ਜਾ ਸਕਦੇ ਹਨ ਤੇ ਬਾਕੀ ਰਾਸ਼ੀ ਤੇ ਘੱਟ ਦਰ ਤੇ ਟੈਕਸ ਅਦਾ ਕੀਤਾ ਜਾਂਦਾ ਹੈ । ਜਦ ਕਿ ਕਾਰਪੋਰੇਸ਼ਨ ਦੇ ਲਈ ਕੰਮ ਕਰਨ ਵਾਲੇ ਵਰਕਰ ਪਹਿਲਾਂ ਕਮਾਉਂਦੇ ਹਨ ਫਿਰ ਟੈਕਸ ਅਦਾ ਕਰਦੇ ਹਨ । ਬਾਕੀ ਬਚੀ ਰਕਮ ਆਪਣੇ ਲਈ ਖ਼ਰਚ ਕਰਦੇ ਹਨ । ਪੁਰਾਣੇ ਸਮੇ ਵਿੱਚ ਸਧਾਰਨ ਵਰਕਰ ਸਾਲ ਦੇ ਪਹਿਲੇ 3-4 ਮਹੀਨੇ ਕੰਮ ਕਰਕੇ ਟੈਕਸ ਅਦਾ ਕਰਨ ਲਈ ਕੰਮ ਕਰਦਾ - ਧੰਨ ਇਕੱਠਾ ਕਰਦਾ ਤਾਂ ਜੋ ਟੈਕਸ ਅਦਾ ਕਰ ਸਕੇ । ਪਰ ਅੱਜਕਲ੍ਹ ਤਾਂ ਸਰਕਾਰਾਂ ਉਸਦੇ ਪੇਅ ਸਟੱਬ ਵਿਚੋਂ ਪਹਿਲਾਂ ਹੀ ਟੈਕਸ ਕੱਟ ਲੈਂਦੀਆਂ ਹਨ । ਜਿਤਨੀ ਜ਼ਿਆਦਾ ਵਰਕਰ ਮਿਹਨਤ ਕਰਦਾ ਉਹ ਉਤਨਾ ਹੀ ਜਿਆਦਾ ਟੈਕਸ ਅਦਾ ਕਰਦਾ । ਅਮੀਰਾਂ ਤੋਂ ਟੈਕਸ ਵਸੂਲੋ ਦਾ ਨਾਅਰਾ ਅੱਜ ਉਹਨਾਂ ਲੋਕਾਂ ਤੇ ਭਾਰੀ ਪੈ ਗਿਆ ਜਿਸ ਨੇ ਇਸਦੇ ਹੱਕ ਵਿਚ ਵੋਟ ਦਿੱਤੇ । ਅਮੀਰ ਲੋਕ ਇਸ ਸਿਸਟਮ ਵਿਚੋਂ ਨਿਕਲਣ ਦਾ ਰਾਹ ਲੱਭ ਹੀ ਲੈਂਦੇ ਹਨ । ਉਹਨਾਂ ਕੋਲ ਪੈਸਾ , ਤਾਕਤ ਤੇ ਦ੍ਰਿੜ ਇਰਾਦਾ ਹੁੰਦਾ ਹੈ । ਜਿੰਨਾ ਦੇ ਦਮ ਤੇ ਇਹ ਚੀਜ਼ਾਂ ਨੂੰ ਬਦਲ ਸਕਦੇ ਹਨ । ਉਹ ਇਹੋ ਅਜਿਹੇ ਢੰਗ ਤਰੀਕੇ ਲੱਭਦੇ ਹਨ ਅਤੇ ਚੁੱਪ ਚਾਪ ਬੈਠ ਕੇ ਆਪਣੀ ਇੱਛਾ ਅਨੁਸਾਰ ਟੈਕਸ ਅਦਾ ਕਰਦੇ ਹਨ । ਇਹਨਾਂ ਕੰਮਾਂ ਲਈ ਉਹਨਾਂ ਕੋਲ ਸਿਆਣੇ, ਸਮਾਰਟ ਵਕੀਲ ਅਤੇ ਅਕਾਊਟੈਂਟਾਂ ਦੀਆਂ ਸਹੂਲਤਾਂ ਹੁੰਦੀਆਂ ਹਨ ਅਤੇ ਰਾਜਨੇਤਾਵਾਂ ਨੂੰ ਮਨਾਉਂਦੇ ਹਨ ਕਿ ਉਹ ਕਨੂੰਨ ਤੇ ਬਚਾਓ ਦੇ ਰਾਸਤੇ ਬਣਾਉਣ, ਉਹਨਾਂ ਕੋਲ ਪਰਿਵਰਤਨ ਕਰਵਾਉਣ ਵਾਸਤੇ ਲੋੜੀਂਦੇ ਸਾਧਨ ਵੀ ਹੁੰਦੇ ਹਨ । ਇਸ ਲਈ ਟੈਕਸ ਦਾ ਬੋਝ ਹੌਲੀ- ਹੌਲੀ ਮਿਡਲ ਤੇ ਗਰੀਬ ਕਲਾਸ ਲੋਕਾਂ ਤੇ ਵਧਦਾ ਗਿਆ ਅਤੇ ਅਮੀਰ ਆਪਣੇ ਕਨੂੰਨੀ ਰਸਤਿਆਂ ਰਾਹੀ ਕੁਝ ਸੁਰਖ਼ਰੂ ਹੋਣ ਲੱਗ ਪਏ । ਸਰਕਾਰਾਂ ਨੇ ਇੱਕ ਵਾਰ ਟੈਕਸ ਦੇ ਪੈਸਿਆਂ ਦਾ ਸੁਆਦ ਚੱਖ ਲਿਆ ਅਤੇ ਸਰਕਾਰਾਂ ਦੀ ਭੁੱਖ ਵੱਧਦੀ ਚਲੀ ਗਈ । ਜਿੰਨਾ ਲੋਕਾਂ ਨੇ ਅਮੀਰਾਂ ਤੋਂ ਵਸੂਲੋ ਵਾਲੇ ਨਾਅਰੇ ਦੇ ਹੱਕ ਵਿਚ ਵੋਟ ਪਾ ਕੇ ਟੈਕਸ ਨੂੰ ਕਨੂੰਨ ਰੂਪ ਦਿੱਤਾ ਅੱਜ ਉਹ ਹੀ ਲੋਕ ਇਸ ਵਿਚ ਫਸਦੇ ਨਜ਼ਰ ਆ ਰਹੇ ਹਨ ।












BHINDER
EXTERIORS LTD.

# BHINDER EXTERIOR

## ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?

ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।

ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ



ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।

* ਸਾਨੂੰ ਵਰਕਰਾਂ ਦੀ ਲੋੜ ਹੈ






*All kind of Exterior Service*

* Siding * Soffit
* Fascia * Cedar
* Smart Board
* Paper Wire
* Stucco & Roofing
* Eavestrough

FREE Estimate

**Call: 403 680 0436**

**Email: sandeeptoor72@gmail.com**




Ambleridge
Ambleton
bridgeport CHESTERMERE
CRESTMONT VIEW
DAWSON'S LANDING CHESTERMERE
HARMONY®
HOTCHKISS
PAINTED SKY
rivercrest IN COCHRANE
SOUTHBOW LANDING
VANTAGE RISE
Vermilion Hill